Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 13-12-2025 • Vol.43 No.50 • M. 90410-14575 • Page 16 E-mail : khetiduniyan1983@gmail.com

### ਚਿੱਟੇ ਸੋਨੇ ਦੀ ਚਮਕ ਪਈ ਫਿੱਕੀ

# ਪੰਜਾਬ ਵਿੱਚ ਇੱਕ ਲੱਖ ਹੈਕਟੇਅਰ ਤੱਕ ਸੀਮਤ ਹੋਇਆ ਕਪਾਹ ਦਾ ਰਕਬਾ

ਇਸ ਸਾਲ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਆਈ ਲਗਭਗ 61 ਫ਼ੀਸਦੀ ਕਪਾਹ ਘੱਟੋ-ਘੱਟ ਸਮਰੱਥਨ ਮੁੱਲ (ਐਮਐਸਪੀ) ਤੋਂ ਘੱਟ ਖ਼ਰੀਦੀ ਗਈ। ਕੁੱਝ ਸਟਾਕ 3,000 ਰੁਪਏ ਪ੍ਰਤੀ ਕੁਇੰਟਲ ਤੱਕ ਘੱਟ ਵਿੱਚ ਵੇਚੇ ਗਏ ਸਨ, ਇਹ ਜਾਣ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 8010 ਰੁਪਏ ਪ੍ਰਤੀ ਕੁਇੰਟਲ ਹੈ। ਕਪਾਹ ਖ਼ਰੀਦ ਸੀਜ਼ਨ ਹਰ ਸਾਲ 1 ਅਕਤੂਬਰ ਤੋਂ ਸ਼ੁਰੂ ਹੁੰਦਾ ਹੈ। ਇਸ ਸਾਲ, ਰਾਜ ਵਿੱਚ ਕਪਾਹ ਦੀ ਆਮਦ ਵੀ ਤੇਜ਼ੀ ਨਾਲ ਘਟ ਗਈ, ਪਿਛਲੇ ਸਾਲ

## ਪਿਛਲੇ ਸਾਲ ਐਮਐਸਪੀ ਤੋਂ ਘੱਟ ਵਿਕੀ ਸੀ ਫ਼ਸਲ

ਜਾਣਕਾਰੀ ਪੰਜਾਬ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ ਹੈ। ਕਪਾਹ ਦੇ ਦਰਮਿਆਨੇ ਸਟੈਪ ਲਈ ਘੱਟੋ-ਘੱਟ ਸਮਰੱਥਨ ਮੁੱਲ 7,710 ਰੁਪਏ ਪ੍ਰਤੀ ਕੁਇੰਟਲ ਅਤੇ ਲੰਬੇ ਸਟੈਪਲ ਲਈ 8,110 ਰੁਪਏ ਪ੍ਰਤੀ ਕੁਇੰਟਲ ਹੈ। ਪੰਜਾਬ ਵਿੱਚ ਆਮ ਤੌਰ 'ਤੇ ਉਗਾਈ 5.4 ਲੱਖ ਕੁਇੰਟਲ ਤੋਂ ਇਸ ਵਾਰ 2.3 ਲੱਖ ਕੁਇੰਟਲ ਰਹਿ ਗਈ। ਇਨ੍ਹਾਂ 2.3 ਲੱਖ ਕੁਇੰਟਲ ਵਿੱਚੋਂ, 35,348 ਕੁਇੰਟਲ ਕਪਾਹ ਭਾਰਤੀ ਕਾਟਨ ਨਿਗਮ (339) ਦੁਆਰਾ ਅਤੇ 1.95 ਲੱਖ ਕੁਇੰਟਲ ਨਿੱਜੀ ਵਪਾਰੀਆਂ ਦੁਆਰਾ ਖ਼ਰੀਦੀ ਗਈ ਸੀ। ਕੁੱਲ ਮਿਲਾ ਕੇ, 1.4 ਲੱਖ ਕੁਇੰਟਲ ਕਪਾਹ ਘੱਟੋ-ਘੱਟ ਸਮਰੱਥਨ ਮੁੱਲ ਤੋਂ



ਘੱਟ ਖ਼ਰੀਦੀ ਗਈ। ਫ਼ਸਲ ਨੂੰ ਵੱਧ ਤੋਂ ਵੱਧ 7,860 ਰੁਪਏ ਪ੍ਰਤੀ ਕੁਇੰਟਲ ਅਤੇ ਘੱਟੋ-ਘੱਟ 3,000 ਰੁਪਏ ਪ੍ਰਤੀ ਕੁਇੰਟਲ ਤੱਕ ਦੀ ਕੀਮਤ ਮਿਲੀ। ਸੀਸੀਆਈ ਦੁਆਰਾ ਮਹੱਤਵਪੂਰਨ ਖ਼ਰੀਦਦਾਰੀ ਦੀ ਅਣਹੋਂਦ ਵਿੱਚ, ਨਿੱਜੀ ਵਪਾਰੀਆਂ ਨੇ ਜ਼ਿਆਦਾਤਰ ਖ਼ਰੀਦਦਾਰੀ ਕੀਤੀ। ਇਸ ਸਾਲ ਪੰਜਾਬ ਵਿੱਚ 1.19 ਲੱਖ ਹੈਕਟੇਅਰ ਜ਼ਮੀਨ 'ਤੇ ਕਪਾਹ ਉਗਾਈ ਗਈ ਸੀ, ਪਰ ਕੁਝ ਖੇਤਰਾਂ ਵਿੱਚ ਹੜ੍ਹਾਂ ਕਾਰਨ ਫ਼ਸਲ ਨੂੰ ਨੁਕਸਾਨ ਪਹੁੰਚਿਆ। ਪਿਛਲੇ ਸਾਲ 99,700 ਹੈਕਟੇਅਰ ਜ਼ਮੀਨ 'ਤੇ ਕਪਾਹ ਉਗਾਈ ਗਈ ਸੀ। ਇੱਕ ਦਹਾਕਾ ਪਹਿਲਾਂ ਤੱਕ, ਕਪਾਹ ਨੂੰ ਪਾਣੀ ਦੀ ਖਪਤ ਕਰਨ ਵਾਲੇ ਝੋਨੇ ਦਾ ਵਿਕਰਾਲ ਮੰਨਿਆ ਜਾਂਦਾ ਸੀ, ਮੁੱਖ ਤੌਰ 'ਤੇ ਦੱਖਣੀ ਮਾਲਵਾ ਵਿੱਚ ਅਤੇ ਇਸ ਨੂੰ ਚਿੱਟੇ ਸੋਨੇ ਦਾ ਵਿਸ਼ੇਸ਼ਣ ਪ੍ਰਾਪਤ ਹੋਇਆ ਸੀ। ਹਾਲਾਂਕਿ, 2015 ਵਿੱਚ ਫ਼ਸਲ 'ਤੇ ਵੱਡੇ ਪੱਧਰ 'ਤੇ ਚਿੱਟੀ ਮੱਖੀ ਦੇ ਹਮਲੇ ਤੋਂ ਬਾਅਦ, ਪੰਜਾਬ ਵਿੱਚ ਕਪਾਹ ਦੀ ਖੇਤੀ ਨੇ ਆਪਣੀ ਚਮਕ ਗੁਆਉਣੀ ਸ਼ੁਰੂ ਕਰ ਦਿੱਤੀ ਅਤੇ ਸਿਰਫ਼ 1 ਲੱਖ ਹੈਕਟੇਅਰ ਦੇ ਨੇੜੇ ਰਹਿ ਗਈ। ਸੀਸੀਆਈ ਨੇ 2025-26 ਦੇ ਸੀਜ਼ਨ ਤੋਂ ਪਾਰਦਰਸ਼ਤਾ ਲਈ ਇੱਕ ਐਪ ਪੇਸ਼ ਕੀਤੀ, ਜਿਸ ਨੂੰ ਕਪਾਸ ਕਿਸਾਨ ਐਪ ਦਾ ਨਾਮ ਦਿੱਤਾ ਗਿਆ, ਜਿਸ ਨਾਲ ਇਸ ਨੂੰ ਕਪਾਹ ਦੀ ਖ਼ਰੀਦ ਲਈ ਲਾਜ਼ਮੀ ਬਣਾਇਆ ਗਿਆ। ਬਹੁਤ ਸਾਰੇ ਕਿਸਾਨਾਂ ਨੂੰ ਸ਼ੁਰੂ ਵਿੱਚ ਆਧਾਰ-ਅਧਾਰਤ ਰਜਿਸਟਰੇਸ਼ਨ ਐਪ 'ਤੇ ਰਜਿਸਟਰ ਕਰਨ ਲਈ ਮੁਸ਼ਕਲ ਆਈ, ਜਿਸ ਕਾਰਨ ਸੀਸੀਆਈ ਸੀਜ਼ਨ ਦੇ ਸ਼ੁਰੂਆਤੀ ਹਿੱਸੇ ਵਿੱਚ ਖ਼ਰੀਦਦਾਰੀ ਕਰਨ ਤੋਂ ਦੂਰ ਰਿਹਾ। ਕਿਸਾਨਾਂ ਨੂੰ ਮਾਲੀਆ ਜਾਂ ਖੇਤੀਬਾੜੀ ਅਧਿਕਾਰੀਆਂ ਦੁਆਰਾ ਪ੍ਰਮਾਣਤ ਜਾਇਜ਼ ਜ਼ਮੀਨੀ ਰਿਕਾਰਡ ਅਤੇ ਕਪਾਹ ਦੀ ਬਿਜਾਈ ਵਾਲੇ ਖੇਤਰਾਂ ਦੇ ਵੇਰਵੇ ਅਪਲੋਡ ਕਰਨ ਦੀ ਲੋੜ ਹੁੰਦੀ ਹੈ।

ਕਿਸਾਨ ਆਪਣੇ ਮੋਬਾਇਲ 'ਤੇ ਸਵੈ-ਰਜਿਸਟਰੇਸ਼ਨ ਲਈ ਜਾ ਸਕਦੇ ਹਨ। ਸੀਸੀਆਈ ਨੇ ਸਾਰੀਆਂ ਖੇਤੀਬਾੜੀ ਉਪਜ ਬਾਜ਼ਾਰ ਕਮੇਟੀਆਂ (ਏਪੀਐਮਸੀ) ਨੂੰ ਨਵੀਂ ਡਿਜ਼ੀਟਲ ਰਜਿਸਟਰੇਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਸੀਸੀਆਈ ਦੇ ਅਧਿਕਾਰੀਆਂ ਨੇ ਦੱਸਿਆ ਕਿ ਨਿਗਮ ਕਪਾਸ ਕਿਸਾਨ ਐਪ ਰਾਹੀਂ ਰਜਿਸਟਰ ਕਰਨ ਵਾਲੇ ਕਿਸਾਨਾਂ ਤੋਂ ਸੀਮਾ ਦੇ ਅੰਦਰ ਨਮੀ ਵਾਲੀ ਖ਼ਰੀਦਦਾਰੀ ਕਰ ਰਿਹਾ ਹੈ ਅਤੇ ਰਾਜ ਸਰਕਾਰ ਦੇ ਅਧਿਕਾਰੀਆਂ ਦੁਆਰਾ ਰਿਕਾਰਡਾਂ ਦੀ ਤਸਦੀਕ ਕੀਤੀ ਗਈ।

# ਮੁਰ੍ਹਾ ਮੱਝਾਂ ਦੀ ਨਸਲ ਦੇ ਸੁਧਾਰ ਸੰਬੰਧੀ ਵੈਟਨਰੀ ਯੂਨੀਵਰਸਿਟੀ ਨੂੰ ਵੱਡਾ ਹੁਲਾਰਾ

## ਪ੍ਰਾਪਤ ਹੋਇਆ ਮੁਰ੍ਹਾ ਨਸਲ ਦਾ ਉਤਮ ਕਿਸਮ ਦਾ ਕੱਟਾ

ਮੁਰ੍ਹਾ ਮੱਝਾਂ ਦੀ ਨਸਲ ਸੁਧਾਰ ਸੰਬੰਧੀ ਇਕ ਮਹੱਤਵਪੂਰਨ ਪੁਲਾਂਘ ਪੁੱਟਦਿਆਂ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੂੰ



ਹਰਿਆਣਾ ਦੇ ਮਸ਼ਹੂਰ ਡੇਅਰੀ ਕਿਸਾਨ ਸ਼੍ਰੀ ਸ਼ਿਵ ਕੁਮਾਰ ਰੇਡੂ ਵੱਲੋਂ ਮੁਰ੍ਹਾ ਨਸਲ ਦਾ ਇਕ ਸਾਲ ਦਾ ਕੱਟਾ ਤੋਹਫ਼ੇ ਵਜੋਂ ਪ੍ਰਾਪਤ ਹੋਇਆ ਹੈ। ਬਿਨ੍ਹਾਂ ਕਿਸੇ ਕੀਮਤ ਤੋਂ ਪ੍ਰਾਪਤ ਹੋਏ ਇਸ ਕੱਟੇ ਦੀਆਂ ਪੀੜ੍ਹੀਆਂ ਦਾ ਵਿਰਾਸਤੀ ਪ੍ਰਦਰਸ਼ਨ ਅਤੇ ਰਿਕਾਰਡ ਬਹੁਤ ਸ਼ਾਨਦਾਰ ਹੈ।

ਇਹ ਕੱਟਾ ਪ੍ਰਾਪਤ ਕਰਨ ਲਈ ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਦੀ ਅਗਵਾਈ ਵਿੱਚ ਇਕ ਵਫ਼ਦ ਨੇ ਸ਼੍ਰੀ ਰੇਡੂ ਦੇ ਫਾਰਮ ਪਿੰਡ ਬਾਲਕ, ਜ਼ਿਲ੍ਹਾ ਹਿਸਾਰ ਦਾ ਦੌਰਾ ਕੀਤਾ। ਇਕ ਪ੍ਰਭਾਵਸ਼ਾਲੀ ਇਕੱਠ ਵਿੱਚ ਪਿੰਡ ਦੇ ਸਰਪੰਚ ਸ਼੍ਰੀ ਕ੍ਰਿਸ਼ਨ ਰੇਡੂ, ਸਾਬਕਾ ਸਰਪੰਚ ਸ਼੍ਰੀ ਸਾਧੂ ਰਾਮ ਰੇਡੂ ਅਤੇ ਪਿੰਡ ਦੀ ਗਊਸ਼ਾਲਾ ਦੇ ਪ੍ਰਧਾਨ ਸ਼੍ਰੀ ਮਹਾਂਵੀਰ ਅਤੇ ਸਥਾਨਕ ਸਮਾਜ ਸੇਵਕ ਸ਼ਾਮਿਲ ਹੋਏ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਲਈ ਬੜਾ ਸੁਭਾਗਾ ਮੌਕਾ ਹੈ ਕਿ ਯੂਨੀਵਰਸਿਟੀ ਨੂੰ ਡੇਅਰੀ ਜਾਨਵਰਾਂ ਦੀ ਨਸਲ ਸੁਧਾਰ ਲਈ ਇਕ ਕਿਸਾਨ ਨੇ ਅੱਗੇ ਵੱਧ ਕੇ ਉਤਮ ਕੱਟਾ ਪ੍ਰਦਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਜਾਨਵਰਾਂ ਦੀ ਵਿਗਿਆਨਕ ਅਤੇ ਟਿਕਾਊ ਨਸਲ ਸੁਧਾਰ ਲਈ ਵਚਨਬੱਧ ਹਾਂ।

ਇਸ ਕੱਟੇ ਦੀ ਮਾਂ ਦੇ ਸੂਏ ਦਾ ਦੁੱਧ 3600 ਕਿੱਲੋਗ੍ਰਾਮ ਅਤੇ ਵੱਧ ਤੋਂ ਵੱਧ ਇਕ ਦਿਨ ਦਾ ਉਤਪਾਦਨ 17.746 ਕਿੱਲੋ ਰਿਹਾ ਹੈ। ਇਸ ਦੀ ਮਾਂ ਦੀ ਮਾਂ ਦਾ ਪੂਰੇ ਸੂਏ ਦਾ ਉਤਪਾਦਨ 5102 ਕਿੱਲੋਗ੍ਰਾਮ ਅਤੇ ਸਿਖਰਲਾ ਉਤਪਾਦਨ 26.5 ਕਿੱਲੋਗ੍ਰਾਮ ਪ੍ਰਤੀ ਦਿਨ ਰਿਹਾ ਹੈ।

ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਕਿਹਾ ਕਿ ਇਸ ਕੱਟੇ ਤੋਂ ਗੁਣਵੱਤਾ ਵਾਲੇ ਵੀਰਜ ਦਾ ਉਤਪਾਦਨ ਕਰਕੇ ਚੱਲ ਰਹੇ ਨਸਲ ਸੁਧਾਰ ਦੇ ਪ੍ਰੋਗਰਾਮਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾਵੇਗਾ।



# ਦੇਸ਼ ਭਰ ਵਿੱਚ ਸਭ ਤੋਂ ਵੱਧ ਕਰਜ਼ਾਈ ਹੈ ਪੰਜਾਬ

ਕਮਲਜੀਤ ਸਿੰਘ ਬਨਵੈਤ
ਮੋਬਾਇਲ : 98147-34035

ਪੀ. ਆਰ. ਐਸ. ਲੇਜਿਸਲੇਟਿਵ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇਸ਼ ਭਰ ਵਿੱਚ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਸਭ ਤੋਂ ਵੱਧ ਕਰਜ਼ਾਈ ਹੈ, ਹਰੇਕ ਪੰਜਾਬੀ ਸਿਰ 1,23,274 ਰੁਪਏ ਦਾ ਕਰਜ਼ਾ ਹੈ। ਦੂਜੇ ਨੰਬਰ 'ਤੇ ਕੇਰਲਾ ਦੇ ਹਰੇਕ ਵਿਅਕਤੀ ਸਿਰ 1,02,044 ਦਾ ਕਰਜ਼ਾ ਹੈ। ਮਹਾਰਾਸ਼ਟਰ ਦੇ ਹਰੇਕ ਵਿਅਕਤੀ ਸਿਰ 65,568 ਰੁਪਏ ਜਦਕਿ ਬਿਹਾਰ ਵਿੱਚ ਪ੍ਰਤੀ ਵਿਅਕਤੀ ਸਿਰਫ਼ 21,230 ਰੁਪਏ ਦਾ ਕਰਜ਼ਾ ਹੈ। ਪੰਜਾਬ ਦੀ ਗੱਲ ਕਰੀਏ ਤਾਂ ਸੂਬੇ ਦੀ ਜੀ. ਐਸ. ਡੀ. ਪੀ. ਦਾ 40.35 ਫ਼ੀਸਦੀ ਕਰਜ਼ਾ ਚੜ੍ਹ ਚੁੱਕਾ ਹੈ। ਰਿਪੋਰਟ ਮੁਤਾਬਿਕ ਦੇਸ਼ ਦੇ 28 ਸੂਬਿਆਂ ਸਿਰ 59.6 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਹ




ਕਰਜ਼ਾ ਪਿਛਲੇ 10 ਸਾਲਾਂ ਦੌਰਾਨ ਤਿੰਨ ਗੁਣਾ ਵਧਿਆ ਹੈ। ਕਰਜ਼ਾ ਵੱਧਣ ਦਾ ਸਭ ਤੋਂ ਵੱਡਾ ਕਾਰਨ ਮਾਲੀਏ ਦੀ ਘੱਟ ਵਸੂਲੀ ਤੇ ਵੱਧ ਖ਼ਰਚੇ ਹਨ। ਸਿਆਸੀ ਪਾਰਟੀਆਂ ਤੇ ਸਰਕਾਰਾਂ ਵੱਲੋਂ ਵੋਟਰਾਂ ਨੂੰ ਭਰਮਾਉਣ ਲਈ ਮੁਫ਼ਤ ਦੀਆਂ ਰਿਓੜੀਆਂ ਵੰਡਣ ਦਾ ਰਿਵਾਜ਼ ਕਰਕੇ ਸੂਬੇ ਕਰਜ਼ਾਈ ਹੋਏ ਹਨ। ਹੁਣ ਦੇਸ਼ ਵਿੱਚ ਚੋਣਾਂ ਮੁਫ਼ਤ ਦੀਆਂ ਰਿਓੜੀਆਂ ਦੇ ਸਹਾਰੇ ਜਿੱਤੀਆਂ ਜਾ ਰਹੀਆਂ ਹਨ। ਇਹ ਪਿਰਤ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਖ਼ਜ਼ਾਨੇ ਖਾਲੀ ਹੋਣ ਦੀ ਕਿਸੇ ਨੂੰ ਵੀ ਚਿੰਤਾ ਨਹੀਂ ਹੈ।

ਬਿਹਾਰ ਦੀਆਂ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਵੋਟਰਾਂ ਨੂੰ ਭਰਮਾਉਣ ਲਈ 33,920 ਕਰੋੜ ਜਾਰੀ ਕੀਤੇ ਗਏ ਸਨ। ਚੋਣਾਂ ਜਿੱਤ ਕੇ ਸੱਤਾ ਵਿੱਚ ਆਉਣ 'ਤੇ ਪਾਰਟੀਆਂ ਨੂੰ ਚੋਣ ਵਾਅਦੇ ਪੂਰੇ ਕਰਨੇ ਮੁਸ਼ਕਿਲ ਹੋ ਜਾਂਦੇ ਹਨ, ਕਿਉਂਕਿ ਚੋਣਾਂ ਵੀ ਰਿਓੜੀਆਂ ਵੰਡਣ ਲਈ ਚੁੱਕੇ ਗਏ ਕਰਜ਼ੇ ਦੀ ਅਦਾਇਗੀ ਤੇ ਮੁਲਾਜ਼ਮਾ ਨੂੰ ਦਿੱਤੀ ਜਾਣ ਵਾਲੀ ਤਨਖ਼ਾਹ 'ਤੇ ਤਾਂ ਕੱਟ ਨਹੀਂ ਲਾਇਆ ਜਾ ਸਕਦਾ। ਸਰਕਾਰਾਂ ਵੱਲੋਂ ਇਕੱਠੇ ਕੀਤੇ ਮਾਲੀਏ ਦਾ ਵੱਡਾ ਹਿੱਸਾ ਕਰਜ਼ੇ ਦਾ ਵਿਆਜ ਮੋੜਨ ਵਿੱਚ ਚਲੇ ਜਾਣ ਬਾਅਦ ਸਿਹਤ, ਸਿੱਖਿਆ, ਸੜਕਾਂ ਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਪੂਰਾ ਕਰਨ ਵਿੱਚ ਸਰਕਾਰਾਂ ਦਾ ਹੱਥ ਤੰਗ ਹੋ ਜਾਂਦਾ ਹੈ। ਕਰਨਾਟਕ ਵਿੱਚ 6 ਗਾਰੰਟੀਆਂ ਦੇ ਕੇ ਸੱਤਾ ਵਿੱਚ ਆਈ ਕਾਂਗਰਸੀ ਸਰਕਾਰ ਦੀ ਕਮਾਈ ਦਾ 35 ਫ਼ੀਸਦੀ ਹਿੱਸਾ ਚੋਣ ਵਾਅਦੇ ਪੂਰੇ ਕਰਨ ਅਤੇ 40 ਫ਼ੀਸਦੀ ਰਕਮ ਤਨਖਾਹਾਂ, ਭੱਤਿਆਂ ਤੇ ਕਰਜ਼ੇ ਦੇ ਵਿਆਜ ਵਿੱਚ ਚਲੀ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬ ਦੇ ਕੁੱਲ ਮਾਲੀਏ ਦਾ 21 ਫ਼ੀਸਦੀ ਤੇ ਹਰਿਆਣਾ ਦਾ 16 ਫ਼ੀਸਦੀ ਮੁਫ਼ਤ ਦੀਆਂ ਸਹੂਲਤਾਂ 'ਤੇ ਖ਼ਰਚ ਹੋ ਰਿਹਾ ਹੈ। ਪੰਜਾਬ ਸਰਕਾਰ ਨੂੰ ਤਾਂ ਟੁੱਟੀਆਂ ਸੜਕਾਂ ਦੀ ਮੁਰੰਮਤ ਕਰਾਉਣ ਵਿੱਚ ਵੀ ਦਿੱਕਤ ਆ ਰਹੀ ਹੈ। ਤੇਲੰਗਾਨਾ ਸਰਕਾਰ ਦੀ ਕਮਾਈ ਦਾ 57 ਫ਼ੀਸਦੀ ਹਿੱਸਾ ਚੋਣ ਗਾਰੰਟੀਆਂ ਤੇ 45 ਫ਼ੀਸਦੀ ਤਨਖਾਹ ਤੇ ਭੱਤਿਆਂ ਦੀ ਅਦਾਇਗੀ ਵਿੱਚ ਖ਼ਰਚ ਹੋ ਜਾਂਦਾ ਹੈ। ਸਰਕਾਰ ਬਾਜ਼ਾਰ ਵਿੱਚੋਂ ਕਰਜ਼ਾ ਲੈ ਕੇ ਚਲਾਈ ਜਾ ਰਹੀ ਹੈ। ਮਹਾਰਾਸ਼ਟਰ ਨੂੰ ਹਸਪਤਾਲਾਂ ਦੇ ਖ਼ਰਚ ਵਿੱਚ ਕਟੌਤੀ ਕਰਨੀ ਪੈ ਰਹੀ ਹੈ। ਸਕੂਲਾਂ ਵਿੱਚ ਮੁਢਲਾ ਢਾਂਚਾ ਮਜ਼ਬੂਤ ਨਹੀਂ ਹੋ ਰਿਹਾ। ਬਿਹਾਰ ਦੀ ਗੱਲ ਕਰੀਏ ਤਾਂ ਚੋਣ ਵਾਅਦਿਆਂ 'ਤੇ ਖ਼ਰਚ ਕੀਤੇ ਜਾਣ ਵਾਲੇ 33,920 ਕਰੋੜ ਰੁਪਏ ਕੁੱਲ ਮਾਲੀਏ ਦਾ 62 ਫ਼ੀਸਦੀ ਬਣਦੇ ਹਨ। ਸੂਬਾ ਸਰਕਾਰ ਦੀ 2024-25 ਵਿੱਚ ਕਮਾਈ 54,300 ਕਰੋੜ ਰੁਪਏ ਸੀ ਅਤੇ ਇਸ ਦਾ 17 ਫ਼ੀਸਦੀ ਹਿੱਸਾ ਵਿਆਜ ਦੇਣ ਵਿੱਚ ਚਲਾ ਜਾਂਦਾ ਹੈ। ਪੰਜਾਬ ਵੱਲੋਂ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇਣ ਲਈ 1,500 ਕਰੋੜ ਰੁਪਏ ਦੀ ਰਿਆਇਤ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਹਰਿਆਣਾ 'ਲਾਡੋ ਯੋਜਨਾ' 'ਤੇ 10,800 ਕਰੋੜ ਰੁਪਏ ਖ਼ਰਚ ਕਰੇਗਾ। ਹਿਮਾਚਲ ਪ੍ਰਦੇਸ਼ 'ਇੰਦਰਾ ਗਾਂਧੀ ਪਿਆਰੀ ਬਹਿਨਾ' ਯੋਜਨਾ 'ਤੇ 2,100 ਕਰੋੜ ਰੁਪਏ ਖ਼ਰਚ ਕਰ ਰਿਹਾ ਹੈ। ਤੇਲੰਗਾਨਾ ਦੀ ਸਰਕਾਰ 'ਤੇ ਗਾਰੰਟੀਆਂ ਪੂਰੀਆਂ ਕਰਨ ਲਈ ਸਭ ਤੋਂ ਵੱਧ 56,084 ਦਾ ਬੋਝ ਪੈ ਰਿਹਾ ਹੈ, ਸੂਬੇ ਦੀ ਕੁੱਲ ਕਮਾਈ 98,191 ਕਰੋੜ ਰੁਪਏ ਹੈ। ਇਹ ਅੰਕੜੇ ਭਾਰਤੀ ਰਿਜ਼ਰਵ ਬੈਂਕ ਅਤੇ ਸਟੇਟ ਬਜਟ ਦਸਤਾਵੇਜ਼ਾਂ ਤੋਂ ਸਾਹਮਣੇ ਆਏ ਹਨ।

ਇੱਥੇ ਹੀ ਬੱਸ ਨਹੀਂ ਚੋਣ ਪ੍ਰਚਾਰ 'ਤੇ ਕਰੋੜਾਂ ਰੁਪਏ ਕਾਲਾ ਧਨ ਪਾਣੀ ਦੀ ਤਰ੍ਹਾਂ ਵਹਾਇਆ ਜਾ ਰਿਹਾ ਹੈ। ਭਾਵੇਂ ਭਾਰਤੀ ਚੋਣ ਕਮਿਸ਼ਨ ਵੱਲੋਂ ਖ਼ਰਚੇ ਦੀ ਇੱਕ ਉਪਰਲੀ ਹੱਦ ਮੁਕੱਰਰ ਕੀਤੀ ਗਈ ਹੈ, ਪਰ ਉਹ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਕਬੂਤਰ ਦੀ ਤਰ੍ਹਾਂ ਅੱਖਾਂ ਮੀਚੀ ਬੈਠਾ ਹੈ। ਜਿਸ ਦਿਨ ਵੋਟਰ ਖ਼ਰਚ ਦੇ ਅਸਲੀ ਸਰੋਤਾਂ ਬਾਰੇ ਸਭ ਕੁੱਝ ਸਮਝ ਗਏ ਤਾਂ ਫਿਰ ਸਿਆਸੀ ਨੇਤਾਵਾਂ ਲਈ ਮੁਸ਼ਕਿਲ ਖੜ੍ਹੀ ਹੋ ਜਾਵੇਗੀ। ਅਸੀਂ ਬਿਲਕੁਲ ਨਹੀਂ ਕਹਿੰਦੇ ਕਿ ਭਾਰਤ ਵਿੱਚ ਨੇਪਾਲ ਦੀ ਤਰ੍ਹਾਂ ਵਿਦਰੋਹ ਖੜ੍ਹਾ ਹੋ ਸਕਦਾ ਹੈ, ਪਰ ਲੋਕਾਂ ਵਿੱਚ ਗੁੱਸਾ ਭੜਕਣ ਲੱਗਿਆਂ ਦੇਰ ਵੀ ਨਹੀਂ ਲੱਗਦੀ। ਚੋਣ ਤਿਕੜਮਬਾਜ਼ੀ ਦੀ ਗੱਲ ਕੀਤੀ ਜਾਵੇ ਤਾਂ ਪ੍ਰਚਾਰ ਤੋਂ ਲੈ ਕੇ ਜਿੱਤਣ ਤੱਕ ਉਮੀਦਵਾਰ ਆਪਣੀ ਸੋਚ ਦਾ ਹਲਕਾਪਣ ਦਿਖਾਉਣ ਲੱਗੇ ਹਨ। ਹੁਣ ਚੋਣ ਪ੍ਰਚਾਰ ਦੌਰਾਨ ਇਲਜ਼ਾਮਬਾਜ਼ੀ ਤੋਂ ਅੱਗੇ ਮੰਦੀ ਭਾਸ਼ਾ ਦਾ ਇਸਤੇਮਾਲ ਹੋਣ ਲੱਗਾ ਹੈ। ਸੱਚਾਈ ਤਾਂ ਇਹ ਹੈ ਕਿ ਸਿਆਸਤ ਦਾ ਹੁਣ ਨੈਤਿਕਤਾ ਨਾਲ ਕਈ ਵਾਰ ਵਾਸਤਾ ਨਹੀਂ ਰਿਹਾ। ਸਾਬਕਾ ਪ੍ਰਧਾਨ ਮੰਤਰੀ ਮਰਹੂਮ ਅਟਲ ਬਿਹਾਰੀ ਵਾਜਪੇਈ ਸਿਆਸਤ ਨੂੰ ਸਿਖਰਾਂ ਵੱਲ ਲਿਜਾਣਾ ਚਾਹੁੰਦੇ ਸਨ, ਉਨ੍ਹਾਂ ਦਾ ਕਹਿਣਾ ਸੀ ਕਿ ਚੋਣ ਜਿੱਤਣ ਵਾਲੇ ਕਿਸੇ ਵੀ ਉਮੀਦਵਾਰ ਲਈ ਕੁੱਲ ਪਈਆਂ ਵੋਟਾਂ ਦਾ 25 ਫ਼ੀਸਦੀ ਵੋਟਾਂ ਪ੍ਰਾਪਤ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਚੋਣ ਲੜਨ ਦੇ ਚਾਹਵਾਨਾਂ ਦੀ ਗਿਣਤੀ ਘੱਟੇਗੀ ਅਤੇ ਲੋਕ ਚੋਣਾਂ ਨੂੰ ਗੰਭੀਰਤਾ ਨਾਲ ਲੈਣ ਲੱਗ ਪੈਣਗੇ। ਉਹ ਮੌਜੂਦਾ ਚੋਣ ਅਮਲ ਵਿੱਚ ਜਿੱਤੇ ਹੋਏ ਉਮੀਦਵਾਰਾਂ ਨੂੰ ਵੀ ਹਾਰੇ ਹੋਏ ਮੰਨਦੇ ਸਨ।

ਪੰਜਾਬ ਦੀ ਗੱਲ ਕਰੀਏ ਤਾਂ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਗਵਾਈ ਵਿੱਚ ਹੁਣ ਸੂਬੇ ਸਿਰ ਕਰਜ਼ਾ 4 ਲੱਖ ਕਰੋੜ ਤੋਂ ਟੱਪ ਚੁੱਕਾ ਹੈ। ਆਰਥਿਕ ਮਾਹਿਰਾਂ ਵੱਲੋਂ 31 ਮਾਰਚ 2027 ਤੱਕ ਪੰਜਾਬ ਦਾ ਕਰਜ਼ਾ ਸਵਾ 5 ਲੱਖ ਕਰੋੜ ਨੂੰ ਪਾਰ ਕਰ ਜਾਣ




ਦੇ ਅੰਦਾਜ਼ੇ ਲਗਾਏ ਜਾ ਰਹੇ ਹਨ। ਬਹੁਤ ਦੁੱਖ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੂੰ ਪਹਿਲਾਂ ਲਏ ਕਰਜ਼ੇ ਦਾ ਵਿਆਜ ਉਤਾਰਨ ਲਈ ਵੀ ਨਵਾਂ ਕਰਜ਼ਾ ਲੈਣਾ ਪੈ ਰਿਹਾ ਹੈ। ਪੰਜਾਬ ਵਿੱਚ ਅੱਜ ਹਰ ਪੈਦਾ ਹੋਣ ਵਾਲੇ ਬੱਚੇ ਦੇ ਸਿਰ ਸਵਾ ਲੱਖ ਰੁਪਏ ਦਾ ਕਰਜ਼ਾ ਹੁੰਦਾ ਹੈ। ਜੇਕਰ ਸੱਤਾਧਾਰੀ ਪਾਰਟੀ ਨੇ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਚੋਣ ਵਾਅਦਾ ਪੂਰਾ ਕਰਨਾ ਹੋਇਆ ਤਾਂ ਹੋਰ ਪੈਸੇ ਦੀ ਲੋੜ ਪਵੇਗੀ। ਪੰਜਾਬ ਸਰਕਾਰ ਪੈਸੇ ਇਕੱਠੇ ਕਰਨ ਲਈ ਹੱਥ-ਪੈਰ ਮਾਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖਜ਼ਾਨਾ ਖ਼ਾਲੀ ਹੋਣ ਦਾ ਢੰਡੋਰਾ ਨਹੀਂ ਪਿੱਟਦੇ, ਹਾਲਾਂਕਿ ਉਨ੍ਹਾਂ ਤੋਂ ਪਹਿਲੀਆਂ ਸਰਕਾਰਾਂ ਨੇ ਵਿੱਤੀ ਹਾਲਤਾਂ ਮੂਹਰੇ ਹੱਥ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਸਨ। ਪੰਜਾਬ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਕਦੇ ਵੀ ਸੰਕੋਚ ਨਾਲ ਖ਼ਰਚੇ ਨਹੀਂ ਕੀਤੇ ਅਤੇ ਨਾ ਹੀ ਕਦੇ ਮਾਲੀਆ ਵਧਾਉਣ ਲਈ ਦਿਆਨਤਦਾਰੀ ਨਾਲ ਪ੍ਰਭਾਵੀ ਯੋਜਨਾਵਾਂ ਉਲੀਕੀਆਂ ਹਨ। ਸਰਕਾਰਾਂ ਬਦਲਣ ਨਾਲ ਸ਼ਰਾਬ ਦੇ ਠੇਕੇਦਾਰਾਂ ਦੇ ਨਾਂਅ ਬਦਲ ਜਾਂਦੇ ਹਨ, ਰੇਤ ਦੀਆਂ ਖੱਡਾਂ 'ਤੇ ਮਾਲਕੀ ਤਬਦੀਲ ਹੋ ਜਾਂਦੀ ਹੈ।

ਇੱਕ ਕੌੜਾ ਸੱਚ ਇਹ ਵੀ ਹੈ ਕਿ ਭਾਰਤੀ ਚੋਣ ਕਮਿਸ਼ਨ ਤੋਂ ਚੋਣ ਸੁਧਾਰਾਂ ਦੀ ਉਮੀਦ ਕਰਨਾ ਹੀ ਬੇਅਰਥ ਹੈ। ਚੋਣ ਕਮਿਸ਼ਨ ਦਾ ਸਾਰਾ ਜ਼ੋਰ ਸੱਤਾਧਾਰੀ ਪਾਰਟੀ ਨੂੰ ਸਹੀ ਦਰਸਾਉਣ ਵਿੱਚ ਲੱਗਾ ਰਹਿੰਦਾ ਹੈ। ਇੱਕ ਹੋਰ ਕੌੜਾ ਸੱਚ ਇਹ ਵੀ ਹੈ ਕਿ ਸਿਆਸਤਦਾਨਾਂ ਜਾਂ ਭਾਰਤੀ ਚੋਣ ਕਮਿਸ਼ਨ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਪਹਿਲਾਂ ਵੋਟਰਾਂ ਨੂੰ ਜਾਗਣਾ ਪਵੇਗਾ ਅਤੇ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਮੁਨਾਸਿਬ ਹੋਵੇਗਾ। ਚੋਣਾਂ ਤੇ ਚੋਣ ਰਾਜਨੀਤੀ ਨੂੰ ਲੀਹ 'ਤੇ ਲਿਆਉਣ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਂਦਾ ਅਤੇ ਨਾ ਹੀ ਅੱਗੇ ਕੋਈ ਰਸਤਾ ਰਹਿੰਦਾ ਹੈ। ਜੇਕਰ ਲੋਕਾਂ ਦੀ ਜਾਗ ਹਾਲੇ ਵੀ ਨਾ ਖੁੱਲ੍ਹੀ ਤਾਂ ਬਾਜ਼ਾਰੀਕਰਨ ਦੇ ਇਸ ਯੁੱਗ ਵਿੱਚ ਵੋਟਰਾਂ ਦੇ ਪੱਲੇ ਕੁੱਝ ਵੀ ਨਹੀਂ ਰਹੇਗਾ। ਦੇਸ਼ ਦੀ ਰਾਜਨੀਤੀ 'ਤੇ ਬਾਜ਼ਾਰੀਕਰਨ ਕਿਸ ਹੱਦ ਤੱਕ ਭਾਰੂ ਹੋ ਰਿਹਾ ਹੈ, ਸ਼ਾਇਦ ਵੋਟਰ ਹਾਲੇ ਇਸ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਸਰਕਾਰਾਂ ਨੂੰ ਆਪਣੇ ਖ਼ਰਚੇ ਘਟਾਉਣੇ ਪੈਣਗੇ ਤੇ ਵੱਧ ਆਮਦਨ ਦੇ ਸਾਧਨ ਜੁਟਾਉਣੇ ਪੈਣਗੇ ਨਹੀਂ ਤਾਂ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾਵੇਗੀ।

# 'ਚਿੱਟੀ ਕ੍ਰਾਂਤੀ' ਦੇ ਰਾਹ ਦਸੇਰਾ ਬਣ ਰਹੇ ਕੋਟੜਾ ਕਲਾਂ ਦੇ ਨੌਜਵਾਨ

ਮਾਨਸਾ ਦੇ ਪਿੰਡ ਕੋਟੜਾ ਕਲਾਂ ਦੇ ਨੌਜਵਾਨ 'ਚਿੱਟੀ ਕ੍ਰਾਂਤੀ' ਦੇ ਰਾਹ ਦਸੇਰਾ ਬਣ ਰਹੇ ਹਨ। ਕੈਮੀਕਲ ਵਾਲੇ ਦੁੱਧ ਸਪਲਾਈ ਰੋਕਣ ਦੇ ਮੰਤਵ ਤੇ ਪਰਿਵਾਰਾਂ ਦੀ ਆਰਥਿਕ ਖੁਸ਼ਹਾਲੀ ਲਈ ਪਸ਼ੂ-ਪਾਲਣ ਦੇ ਧੰਦੇ ਵੱਲ ਮੁੜਨ ਦੀ ਲੋੜ ਦਾ ਹੋਕਾ ਨੌਜਵਾਨ ਦੇਣ ਲੱਗੇ ਹਨ। ਮਾਨਸਾ ਜ਼ਿਲ੍ਹੇ ਦਾ ਪਿੰਡ ਕੋਟੜਾ ਕਲਾਂ ਭਾਵੇਂ ਛੋਟਾ ਹੈ, ਪਰ 'ਚਿੱਟੀ ਕ੍ਰਾਂਤੀ' ਵਿੱਚ ਮੋਹਰੀ ਦਿਖਾਈ ਦੇ ਰਿਹਾ ਹੈ। 40 ਦੇ ਜ਼ਿਆਦਾ ਨੋਹਰਿਆਂ ਅਤੇ ਦੁੱਧ ਕੁਲੈਕਸ਼ਨ ਸੈਂਟਰ 7 ਦੇ ਕਰੀਬ ਹੋਣ ਵਾਲੇ ਇਸ ਪਿੰਡ ਦੇ ਨੌਜਵਾਨ ਪਸ਼ੂ-ਪਾਲਣ ਦੇ ਧੰਦੇ ਨੂੰ ਵੀ ਪ੍ਰਫੁੱਲਤ ਕਰਨ ਲਈ ਪ੍ਰਚਾਰ ਕਰਨ ਲੱਗੇ ਹਨ। ਬਿਨਾਂ ਸਰਕਾਰਾਂ ਦੀ ਮੱਦਦ ਦੇ ਦੂਜਾ ਪਸ਼ੂ ਮੇਲਾ ਪਿੰਡ ਵਿੱਚ ਕਰਵਾ ਚੁੱਕੇ ਹਨ।

ਅਜ਼ਾਦ ਡੇਅਰੀ ਫਾਰਮਰਜ਼ ਐਸੋਸੀਏਸ਼ਨ ਦੇ ਅਮਨਪ੍ਰੀਤ ਸਿੰਘ ਰਿੱਕੀ ਰਾਏਪੁਰ, ਪ੍ਰਧਾਨ ਪਵਿੱਤਰ ਦੀਪ ਸਿੰਘ, ਸਰਪ੍ਰਸਤ ਪਰਮਜੀਤ ਮਾਹਟਾ, ਮੀਤ ਪ੍ਰਧਾਨ ਅਮਨਦੀਪ ਸਿੰਘ, ਗੁਰਸੇਵਕ ਸਿੰਘ, ਨਿਰਭੈ ਸਿੰਘ, ਹਰਵਿੰਦਰ ਸਿੰਘ, ਸਿਮਰਜੀਤ, ਪ੍ਰਦੀਪ ਲੋਹਾਖੇੜਾ, ਗੋਬਿੰਦ ਸਿੰਘ ਬੂਟਾ ਨੇ ਦੱਸਿਆ ਕਿ ਕਿਸੇ ਵੇਲੇ ਪੰਜਾਬ ਵਿੱਚ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਪਰ ਮੌਜੂਦਾ ਸਮੇਂ ਸ਼ੁੱਧ ਦੁੱਧ ਨੂੰ ਪੰਜਾਬੀ ਤਰਸ ਗਏ ਹਨ। ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਕਿਰਤ ਕਰ ਰਹੇ ਹਨ, ਪਰ ਪੰਜਾਬ ਵਿੱਚ ਰਹਿੰਦਿਆਂ ਪਸ਼ੂ-ਪਾਲਣ ਜਿਹੇ ਵਧੀਆ ਪੇਸ਼ਿਆਂ ਤੋਂ ਦੂਰ ਹੋ ਗਏ ਹਨ। ਦੁੱਧ ਦੀ ਜ਼ਰੂਰਤ ਹਰ ਕਿਸੇ ਨੂੰ ਹੈ, ਪਰ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਪਾਲਣ ਤੋਂ ਕਤਰਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਐਸੋਸੀਏਸ਼ਨ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਫਿਰ ਇਸ ਕਿੱਤੇ ਦਾ ਜਾਗ ਲਗਾਉਣਾ ਹੈ। ਇਸ ਬਾਰੇ ਸਹੀ ਜਾਣਕਾਰੀ ਦੇਣਾ ਹੈ ਤਾਂ ਜੋ ਨੌਜਵਾਨ ਫਿਰ ਰਿਸ਼ਟ-ਪੁਸ਼ਟ ਅਤੇ ਨਰੋਈ ਸਿਹਤ ਵਾਲੇ ਹੋਣ। 'ਚਿੱਟੀ ਦੇਸੀ ਗਾਂ' ਨੂੰ ਪ੍ਰਫੁੱਲਿਤ ਕਰਨ ਲਈ ਜਿੱਥੇ ਉਨ੍ਹਾਂ ਦੀ ਸੁੰਦਰਤਾ ਅਤੇ ਦੁੱਧ ਚੁਆਈ ਦੇ ਮੁਕਾਬਲੇ ਕਰਵਾਏ ਹਨ, ਉੱਥੇ ਹੀ ਅਲੱਗ-ਅਲੱਗ ਨਸਲਾਂ ਮੁਰ੍ਹਾ, ਨੀਲੀ ਰਾਵੀ ਅਤੇ ਗ੍ਰੇਡਡ ਮੱਝਾਂ ਦੇ ਪਸ਼ੂ ਮੇਲੇ ਵਿੱਚ ਮੁਕਾਬਲੇ ਕਰਵਾਏ ਹਨ। ਹਾਲਾਂਕਿ ਇਸ ਧੰਦੇ ਨੂੰ ਪ੍ਰਫੁੱਲਿਤ ਕਰਨ ਲਈ ਜਾਂ ਪਸ਼ੂ ਮੇਲੇ ਲਗਾਉਣ ਲਈ ਸਰਕਾਰ ਵੱਲੋਂ ਕੋਈ ਮੱਦਦ ਨਹੀਂ ਮਿਲੀ, ਪਰ ਪਿੰਡ ਕੋਟੜਾ ਕਲਾਂ ਵਿੱਚ ਦੂਸਰੀ ਵਾਰ ਆਪਣੇ ਬਲਬੂਤੇ 'ਤੇ ਲਗਾਏ ਪਸ਼ੂ ਮੇਲੇ ਵਿੱਚ ਸੁਨੇਹਾ ਦਿੰਦੇ ਨੌਜਵਾਨ ਦਿਖਦੇ ਹਨ।



## ਪਸ਼ੂ-ਪਾਲਣ ਦਾ ਕਿੱਤਾ ਕਰਕੇ ਕੈਮੀਕਲ ਦੁੱਧ ਤੋਂ ਪਾਇਆ ਜਾ ਸਕਦੈ ਛੁਟਕਾਰਾ : ਜਟਾਣਾ

ਮਾਲਵਾ ਪਬਲਿਕ ਹਾਈ ਸਕੂਲ ਖਿਆਲਾ ਕਲਾਂ ਦੇ ਪ੍ਰਿੰਸੀਪਲ ਹਰਦੀਪ ਜਟਾਣਾ ਦਾ ਕਹਿਣਾ ਹੈ ਕਿ ਪੰਜਾਬੀਆਂ ਤੱਕ ਇਹ ਸੁਨੇਹਾ ਪਹੁੰਚਾਉਣ ਦੀ ਜ਼ਰੂਰਤ ਵੀ ਹੈ। ਮੌਜੂਦਾ ਸਮੇਂ ਕੈਮੀਕਲ ਵਾਲਾ ਦੁੱਧ ਲਗਾਤਾਰ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਹਰ ਇੱਕ 'ਤੇ ਮਾੜਾ ਪ੍ਰਭਾਵ ਪਾ ਰਿਹਾ ਹੈ ਅਤੇ ਬਿਮਾਰੀਆਂ ਵੰਡ ਰਿਹਾ ਹੈ। ਸ਼ੁੱਧ ਦੁੱਧ ਕਿਧਰੇ ਮਿਲ ਨਹੀਂ ਰਿਹਾ। ਇਨ੍ਹਾਂ ਨੌਜਵਾਨਾਂ ਦਾ ਚੰਗਾ ਉਪਰਾਲਾ ਹੈ।

ਪੰਜਾਬ ਵਿੱਚ ਪੁਰਾਣੇ ਵੇਲਿਆਂ ਵਿੱਚ ਪਰਿਵਾਰ ਦੀ ਆਰਥਿਕਤਾ ਦੇ ਸਹਿਯੋਗ ਵਿੱਚ ਵੱਡਾ ਹਿੱਸਾ ਪਸ਼ੂ-ਪਾਲਣ ਕਿੱਤੇ ਕਾਰਨ ਹੁੰਦਾ ਸੀ। ਖੇਤੀਬਾੜੀ ਦੇ ਨਾਲ ਸਹਾਇਕ ਧੰਦੇ ਵਜੋਂ ਪਸ਼ੂ ਪਾਲ ਕੇ ਦੁੱਧ ਵੇਚ ਪਸ਼ੂ-ਪਾਲਕ ਸੁਰਖਰੂ ਸਨ ਅਤੇ ਸ਼ੁੱਧ ਦੁੱਧ ਹਰ ਕਿਸੇ ਨੂੰ ਮਿਲ ਰਿਹਾ ਸੀ, ਪਰ ਸਮਾਂ ਗੁਜ਼ਰਿਆਂ ਤਾਂ ਸ਼ੁੱਧ ਦੁੱਧ ਮਿਲਣਾ ਮੁਸ਼ਕਲ ਹੋ ਗਿਆ ਹੈ। ਇਹ ਪਾਰਟ ਟਾਈਮ ਕੰਮ ਵੀ ਕੀਤਾ ਜਾ ਸਕਦਾ ਹੈ। ਪਹਿਲਾਂ ਜ਼ਿਆਦਾਤਰ ਘਰਾਂ ਦੀਆਂ ਔਰਤਾਂ ਪਸ਼ੂ ਰੱਖਦੀਆਂ ਅਤੇ ਉਹ ਘਰ ਬੈਠੀਆਂ ਕਮਾਈ ਕਰਦੀਆਂ। ਮਠਿਆਈਆਂ ਅਤੇਹੋਰ ਉਤਪਾਦ ਇਸ ਨਾਲ ਬਣਦੇ ਹਨ। ਇਹ ਪਸ਼ੂ-ਪਾਲਣ ਦਾ ਕਿੱਤਾ ਲੋਕ ਅਪਨਾਉਣ ਤਾਂ ਕੈਮੀਕਲ ਵਾਲੇ ਦੁੱਧ ਨੂੰ ਕਿਤੇ ਨਾ ਕਿਤੇ ਰੋਕਿਆ ਜਾ ਸਕਦਾ ਹੈ।

**ਕਣਕ ਹਾੜ੍ਹੀ ਦੀ ਮੁੱਖ ਫ਼ਸਲ ਹੈ । ਇਸ ਫ਼ਸਲ ਉੱਤੇ ਆਉਣ ਵਾਲੇ ਕੀੜਿਆਂ ਕਾਰਨ ਨੁਕਸਾਨ ਕਾਫ਼ੀ ਜ਼ਿਆਦਾ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਸਮੇਂ ਸਿਰ ਰੋਕਥਾਮ ਬਹੁਤ ਜ਼ਰੂਰੀ ਹੈ ।**



# ਕਣਕ ਦੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ

**ਗੁਰਪ੍ਰੀਤ ਸਿੰਘ ਮੱਕੜ ਅਤੇ ਰਾਕੇਸ਼ ਕੁਮਾਰ ਸ਼ਰਮਾ,**
**ਡਾਇਰੈਕਟੋਰੇਟ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ**
(ਮੋ. 98728-82111)

## ਸਿਉਂਕ

ਸਿਉਂਕ ਫ਼ਸਲ ਬੀਜਣ ਦੇ ਛੇਤੀ ਪਿੱਛੋਂ ਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ । ਇਹ ਕੀੜਾ ਆਮ ਤੌਰ ਤੇ ਹਮਲੇ ਵਾਲੇ ਬੂਟਿਆਂ ਦੀਆਂ ਜੜ੍ਹਾਂ ਵਿੱਚ ਛੇਕ ਕਰ ਦਿੰਦੇ ਹਨ, ਜਿਸ ਨਾਲ ਬੂਟੇ ਸੁੱਕ ਜਾਂਦੇ ਹਨ ਅਤੇ ਸੌਖੇ ਹੀ ਪੁੱਟੇ ਜਾ



ਸਕਦੇ ਹਨ । ਦਰਮਿਆਨੀ ਫ਼ਸਲ ਦੇ ਖਾਸਕਰ ਛੋਟੇ ਪੌਦਿਆਂ ਤੇ ਹਮਲਾ ਕਰਦੇ ਹਨ ਅਤੇ ਸੋਕੇ ਦੇ ਸਮੇਂ ਦੌਰਾਨ ਇਹ ਹਮਲਾ ਖੜ੍ਹੀ ਫ਼ਸਲ ਤੇ ਵੀ ਜਾਰੀ ਰਹਿ ਸਕਦਾ ਹੈ । ਸਿਉਂਕ ਨੂੰ ਆਮ ਤੌਰ ਤੇ ਪ੍ਰਭਾਵਿਤ ਬੂਟਿਆਂ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਦੇਖਿਆ ਜਾਂਦਾ ਹੈ । ਇਸ ਦਾ ਹਮਲਾ ਹਲਕੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ ।

**ਰੋਕਥਾਮ** : ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥਿਕਸਮ) ਜਾਂ 160 ਮਿਲੀਲਿਟਰ ਡਰਮਸਬਾਨ/ਰੂਬਾਨ/ਡਰਮਟ 20 ਈ ਸੀ (ਕਲੋਰਪਾਈਰੀਫ਼ਾਸ) ਜਾਂ 80 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਲੈ ਕੇ ਇੱਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ । ਨਿਉਨਿਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲਗਦੀ । ਕੀਟਨਾਸ਼ਕ ਨਾਲ ਸੋਧੇ ਹੋਏ ਬੀਜ ਦਾ ਉੱਗਣ ਸਮੇਂ ਪੰਛੀ ਘੱਟ ਨੁਕਸਾਨ ਕਰਦੇ ਹਨ ।

ਆਮ ਤੌਰ ਤੇ ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਇਹ ਕੁੱਝ ਹੱਦ ਤੱਕ ਠੀਕ ਹੋ ਜਾਂਦਾ ਹੈ । ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਜਾਂ 1.2 ਲਿਟਰ ਡਰਮਸਬਾਨ 20 ਈ ਸੀ (ਕਲੋਰਪਾਈਰੀਫ਼ਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ ।

## ਚੇਪਾ

ਚੇਪੇ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਸੁੱਕ ਜਾਂਦੇ ਹਨ ।

**ਰੋਕਥਾਮ** : ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ ਤੇ) ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦਾ



ਘੋਲ ਦੇ ਹਫ਼ਤੇ-ਹਫ਼ਤੇ ਦੇ ਵਕਫੇ ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ ਜੀ (ਥਾਇਆਮੈਥੋਕਸਮ) ਦਾ ਇੱਕ ਛਿੜਕਾਅ, 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

ਚੇਪੇ ਦੀ ਰੋਕਥਾਮ ਸਿੱਟੇ ਪੈਣ ਵੇਲੇ ਕਰੋ । ਕਿਉਂਕਿ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ਤੇ ਹੁੰਦਾ ਹੈ । ਇਸ ਲਈ ਛਿੜਕਾਅ ਸਿਰਫ਼ ਅਜਿਹੇ ਹਮਲੇ ਵਾਲੇ ਹਿੱਸੇ ਤੇ ਹੀ ਕਰੋ ਤਾਂ ਕਿ ਚੇਪੇ ਦਾ ਹਮਲਾ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ ।

**ਘਰ ਬਣਾਏ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ** : ਚਾਰ ਕਿਲੋ ਨਿੰਮ ਦੀਆਂ ਕਰੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ ।

## ਤਣੇ ਦੀ ਗੁਲਾਬੀ ਸੁੰਡੀ

ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ ਵਿੱਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ ਅਤੇ ਅਖ਼ੀਰ ਵਿੱਚ ਮਰ ਜਾਂਦੇ ਹਨ ।

**ਰੋਕਥਾਮ** : ਜੇਕਰ ਪਿਛਲੀ ਝੋਨੇ



ਦੀ ਫ਼ਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਕਤੂਬਰ ਵਿੱਚ ਬਿਜਾਈ ਨਾ ਕਰੋ । ਦਿਨ ਸਮੇਂ ਪਾਣੀ ਲਗਾਉਣ ਨੂੰ ਤਰਜ਼ੀਹ ਦੇਵੋ ਤਾਂਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ । ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟੈਲ/ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1 ਲਿਟਰ ਡਰਮਸਬਾਨ 20 ਈ ਸੀ (ਕਲੋਰਪਾਈਰੀਫ਼ਾਸ) ਨੂੰ 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ । ਇਸ ਦੇ ਬਦਲ ਵਿੱਚ 50 ਮਿਲੀਲਿਟਰ ਪ੍ਰਤੀ ਏਕੜ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 50
ਮਿਤੀ 13-12-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਬੇਹੱਦ ਦੂਸ਼ਿਤ ਹੁੰਦਾ ਜਾ ਰਿਹਾ ਹੈ ਮਾਲਵਾ ਖੇਤਰ ਦਾ ਪਾਣੀ

ਜਸਵੰਤ ਸਿੰਘ ਪੁਰਬਾ, ਮੋ. 98145-53988

**ਮਾਲਵਾ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਚਿੰਤਾਜਨਕ ਬਣੀ ਹੋਈ ਹੈ। ਇਸ ਖੇਤਰ ਦੇ ਵੱਡੇ ਹਿੱਸੇ ਬਠਿੰਡਾ, ਫਾਜ਼ਿਲਕਾ, ਬਰਨਾਲਾ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਅੰਦਰ ਜ਼ਮੀਨੀ ਪਾਣੀ ਦੀ ਗੁਣਵੱਤਾ ਸੁਰੱਖਿਅਤ ਹੱਦਾਂ ਤੋਂ ਪਾਰ ਪਾਈ ਗਈ ਹੈ। ਖ਼ਾਸ ਕਰਕੇ 60 ਮੀਟਰ ਡੂੰਘਾਈ ਵਾਲੇ ਬੋਰਾਂ ਵਿੱਚ ਸਭ ਤੋਂ ਵੱਧ ਖ਼ਤਰਨਾਕ ਤੱਤ ਯੂਰੇਨੀਅਮ ਅਤੇ ਫਲੋਰਾਈਡ ਹਨ।**

ਪੰਜਾਬ ਦੇ ਮਾਲਵਾ ਖੇਤਰ ਦੇ ਕਈ ਜ਼ਿਲ੍ਹਿਆਂ ਅੰਦਰ ਭੂਮੀ ਹੇਠਲਾ ਪਾਣੀ ਗੰਭੀਰ ਸੰਕਟ ਵਿੱਚ ਆ ਗਿਆ ਹੈ। ਮਾਹਿਰਾਂ ਦੇ ਅਧਿਐਨ ਅਨੁਸਾਰ ਪਾਣੀ ਵਿੱਚ ਯੂਰੇਨੀਅਮ, ਫਲੋਰਾਈਡ, ਨਾਈਟ੍ਰੇਟ ਅਤੇ ਭਾਰੀ ਧਾਤਾਂ ਦੀ ਖ਼ਤਰਨਾਕ ਮਾਤਰਾ ਦਰਜ ਕੀਤੀ ਗਈ ਹੈ, ਜਿਸ ਕਰਕੇ ਇਹ ਪਾਣੀ ਨਾ ਤਾਂ ਪੀਣ ਯੋਗ ਹੈ ਤੇ ਸਿੰਚਾਈ ਲਈ ਵੀ ਖ਼ਤਰਨਾਕ ਹੁੰਦਾ ਜਾ ਰਿਹਾ ਹੈ। ਮਾਲਵਾ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਚਿੰਤਾਜਨਕ ਬਣੀ ਹੋਈ ਹੈ। ਇਸ ਖੇਤਰ ਦੇ ਵੱਡੇ ਹਿੱਸੇ ਬਠਿੰਡਾ, ਫਾਜ਼ਿਲਕਾ, ਬਰਨਾਲਾ ਅਤੇ



ਫ਼ਰੀਦਕੋਟ ਜ਼ਿਲ੍ਹਿਆਂ ਅੰਦਰ ਜ਼ਮੀਨੀ ਪਾਣੀ ਦੀ ਗੁਣਵੱਤਾ ਸੁਰੱਖਿਅਤ ਹੱਦਾਂ ਤੋਂ ਪਾਰ ਪਾਈ ਗਈ ਹੈ। ਖ਼ਾਸ ਕਰਕੇ 60 ਮੀਟਰ ਡੂੰਘਾਈ ਵਾਲੇ ਬੋਰਾਂ ਵਿੱਚ ਸਭ ਤੋਂ ਵੱਧ ਖ਼ਤਰਨਾਕ ਤੱਤ ਯੂਰੇਨੀਅਮ ਅਤੇ ਫਲੋਰਾਈਡ ਹਨ। ਕਈ ਬੋਰਾਂ ਵਿੱਚ ਯੂਰੇਨੀਅਮ ਦੀ ਮਾਤਰਾ 30 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਜੋ ਵਿਸ਼ਵ ਸਿਹਤ ਸੰਸਥਾ ਡਬਲਯੂ ਐੱਚ. ਓ. ਬੀ. ਐਸ. ਆਈ. ਦੀ ਸੁਰੱਖਿਆ ਸੀਮਾ ਤੋਂ ਕਾਫ਼ੀ ਵੱਧ ਹੈ, ਜਦਕਿ ਫ਼ਰੀਦਕੋਟ ਵਿੱਚ ਲਏ ਗਏ ਨਮੂਨਿਆਂ ਵਿੱਚ ਇਹ ਮਾਤਰਾ 4-5 ਗੁਣਾ ਵੱਧ 1.5 ਐਮ. ਜੀ./ਐੱਲ ਤੋਂ ਉੱਪਰ ਦੰਦਾਂ ਤੇ ਹੱਡੀਆਂ ਦੀ ਬਿਮਾਰੀ ਫਲੋਰੋਸਿਸ ਦਾ ਕਾਰਨ ਬਣਦੀ ਹੈ। ਇਸ ਖੇਤਰ ਵਿੱਚ ਖੇਤੀਬਾੜੀ ਵਿੱਚ ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਅਤੇ ਕਈ ਹੋਰ ਕਾਰਨਾਂ ਕਰਕੇ ਟੀ. ਡੀ. ਐਸ. ਦੀ ਮਾਤਰਾ ਵੀ ਵੱਧ ਰਹੀ ਹੈ, ਜਿਸ ਨਾਲ ਇਸ ਖੇਤਰ ਦਾ ਪਾਣੀ ਖਾਰਾ ਤੇ ਭਾਰਾ ਹੋ ਰਿਹਾ ਹੈ। ਫ਼ਰੀਦਕੋਟ ਅੰਦਰ ਇਹ ਸਮੱਸਿਆ ਹੋਰ ਵੀ ਗੰਭੀਰ ਹੈ। ਜਲ ਜੀਵਨ ਬਚਾਓ ਮੋਰਚਾ ਵੱਲੋਂ ਆਪਣੇ ਪੱਧਰ 'ਤੇ ਤਿਆਰ ਕਰਵਾਈਆਂ ਗਈਆਂ ਰਿਪੋਰਟਾਂ ਅਨੁਸਾਰ 70 ਫ਼ੀਸਦੀ ਤੋਂ ਵੱਧ ਬੋਰਾਂ ਦੀ ਪਾਣੀ ਗੁਣਵੱਤਾ ਘਟੀਆ ਜਾਂ ਬਹੁਤ ਘਟੀਆ ਦਰਜ ਕੀਤੀ ਗਈ ਹੈ। ਬਹੁਤ ਥੋੜ੍ਹੇ ਨਲਕਿਆਂ ਦਾ ਪਾਣੀ ਹੀ ਪੀਣ ਯੋਗ ਹੈ। ਨਹਿਰ ਦੇ ਨਾਲ ਲਗਦੇ ਨਲਕਿਆਂ ਵਿੱਚ ਪਾਣੀ ਪੀਣ ਯੋਗ ਹੈ, ਕਿਉਂਕਿ ਇਹ ਪਾਣੀ ਨਹਿਰ ਦੇ ਸਿੰਮਣ ਦੇ ਕਾਰਨ ਧਰਤੀ ਹੇਠਲੇ ਨੇੜੇ ਦੇ ਪਾਣੀ ਦੀ ਗੁਣਵੱਤਾ ਵਿੱਚ ਵਾਧਾ ਕਰਦਾ ਰਹਿੰਦਾ ਹੈ। ਫ਼ਰੀਦਕੋਟ ਸ਼ਹਿਰ ਦੇ ਜਲ ਜੀਵਨ ਬਚਾਓ ਮੋਰਚੇ ਕੋਲ ਪਾਣੀ ਦੀਆਂ ਸਾਰੀਆਂ ਰਿਪੋਰਟਾਂ ਸੁਰੱਖਿਅਤ ਹਨ, ਕੋਈ ਵਿਅਕਤੀ ਜਾਂ ਸੰਸਥਾ ਇਨ੍ਹਾਂ ਨੂੰ ਦੇਖ ਸਕਦੀ ਹੈ। ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ



ਸੁਰੱਖਿਅਤ ਸੀਮਾ ਤੋਂ 400 ਗੁਣਾ ਵੱਧ ਕੀਤੀ ਗਈ ਹੈ। ਇਹ ਧਾਤ ਸਰੀਰ ਵਿੱਚ ਇਕੱਠੀ ਹੋ ਕੇ ਗੁਰਦਿਆਂ ਦੀ ਖ਼ਰਾਬੀ ਅਤੇ ਲੰਬੇ ਸਮੇਂ ਦੀਆਂ ਸਿਹਤ ਬਿਮਾਰੀਆਂ ਦਾ ਕਾਰਨ ਬਣਦੀ ਹੈ। ਨਾਈਟ੍ਰੇਟ ਦੀ ਔਸਤ ਮਾਤਰਾ 500 ਐਮ. ਸੀ./ਐੱਲ ਤੋਂ ਵੱਧ ਦਰਜ ਕੀਤੀ ਗਈ ਹੈ, ਜਿਹੜੀ ਕਿ ਪੀਣ ਵਾਲੇ ਸੁਰੱਖਿਅਤ ਪਾਣੀ ਤੋਂ ਕਈ ਗੁਣਾ ਵੱਧ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਸੋਡੀਅਮ ਕਾਰਬੋਨੇਟ ਦੀ ਵੱਧ ਮਾਤਰਾ ਪਾਣੀ ਦੀ ਕਠੋਰਤਾ ਅਤੇ ਖਾਰੇਪਣ ਵਿੱਚ ਵਾਧਾ ਕਰ ਰਹੀ ਹੈ। ਇਨ੍ਹਾਂ ਖੇਤਰਾਂ ਦੇ ਧਰਤੀ ਹੇਠਲੇ ਪਾਣੀ ਦੀ ਖ਼ਪਤ 159 ਫ਼ੀਸਦੀ ਵੱਧ ਗਈ ਹੈ, ਜਿਸ ਦਾ ਅਰਥ ਹੈ ਕਿ ਪਾਣੀ ਦੀ ਵਰਤੋਂ ਬਹੁਤ ਹੀ ਅਸਥਿਰ ਅਤੇ ਲੰਮੇ ਸਮੇਂ ਲਈ ਅਣਟਿਕਾਊ ਹੈ, ਕਿਉਂਕਿ ਬਦਲਵੇਂ ਪਾਣੀ ਦੇ ਸਰੋਤ ਘੱਟ ਹਨ। ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਕੋਈ ਸਰਕਾਰ ਇਨ੍ਹਾਂ ਲੋਕਾਂ ਨੂੰ ਪੀਣਯੋਗ ਪਾਣੀ ਮੁਹੱਈਆ ਨਹੀਂ ਕਰਵਾ ਸਕੀ। ਇਨ੍ਹਾਂ ਖੇਤਰਾਂ ਦੇ ਵਾਟਰ ਸਪਲਾਈ ਯੂਨਿਟ ਵੀ ਸਰਕਾਰੀ ਵਾਅਦਿਆਂ ਵਾਂਗ ਖਸਤਾ ਹਾਲਤ ਵਿੱਚ ਹਨ। ਇਸ ਕਰਕੇ ਲੋਕਾਂ ਨੂੰ ਮੁੱਖ ਤੌਰ 'ਤੇ ਧਰਤੀ ਹੇਠਲੇ ਪਾਣੀ 'ਤੇ ਹੀ ਨਿਰਭਰ ਹੋਣਾ ਪੈ ਰਿਹਾ ਹੈ, ਜਿਹੜਾ ਕਿ ਮਨੁੱਖੀ ਸਿਹਤ ਲਈ ਖ਼ਤਰਾ ਬਣਿਆ ਹੋਇਆ ਹੈ। ਦੂਸਰੇ ਖੇਤੀਬਾੜੀ ਵਿੱਚ ਕੀਟਨਾਸ਼ਕਾਂ ਤੇ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਨਾਈਟ੍ਰੇਟ ਅਤੇ ਭਾਰੀ ਧਾਤਾਂ ਤੋਂ ਹੁੰਦੇ ਪ੍ਰਦੂਸ਼ਣ ਦਾ ਮੁੱਖ ਕਾਰਨ ਹਨ। ਇਸ ਦੇ ਨਾਲ ਕੁਦਰਤੀ ਚਟਾਨਾਂ ਦੀ ਬਣਤਰ ਅਤੇ ਘੱਟ ਵਰਖਾ ਯੂਰੇਨੀਅਮ ਅਤੇ ਫਲੋਰਾਈਡ ਦੇ ਪਾਣੀ ਘੁਲਣ ਨੂੰ ਵਧਾਉਂਦੀ ਹੈ। ਇੱਕ ਹੋਰ ਖ਼ਤਰਨਾਕ ਖਦਸ਼ਾ ਇਹ ਵੀ ਹੈ ਕਿ ਉਦਯੋਗਿਕ ਇਕਾਈਆਂ ਵੀ ਦੂਸ਼ਿਤ ਪਾਣੀ ਧਰਤੀ ਵਿੱਚ ਸੁੱਟ ਰਹੀਆਂ ਹਨ, ਜਿਸ ਦੀ ਤਾਜ਼ਾ ਮਿਸਾਲ ਜ਼ੀਰਾ ਸ਼ਰਾਬ ਫੈਕਟਰੀ ਦੀ ਹੈ, ਜਿਸ ਕਾਰਨ ਅਜੇ ਵੀ ਆਲੇ-ਦੁਆਲੇ ਦੇ ਪਿੰਡਾਂ ਵਿੱਚ ਧਰਤੀ ਹੇਠਲੇ ਪਾਣੀ ਵਿੱਚੋਂ ਅੱਜ ਵੀ ਕੱਚੀ ਸ਼ਰਾਬ ਵਰਗੀ ਬਦਬੂ ਆਉਂਦੀ ਹੈ। ਇਸ ਖੇਤਰ ਵਿੱਚ ਕੈਂਸਰ, ਗੁਰਦੇ ਦੀਆਂ ਬਿਮਾਰੀਆਂ ਅਤੇ ਬੱਚਿਆਂ ਵਿੱਚ ਮੈਥੇਮਿਗਲੋਬੀਨੀਮੀਆ ਦੀ ਦਰ ਵਿੱਚ ਚਿੰਤਾਜਨਕ ਵਾਧਾ ਦਰਜ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਬਿਮਾਰੀਆਂ ਲੰਮੇ ਸਮੇਂ ਤੱਕ ਉੱਚ ਨਾਈਟ੍ਰੇਟ ਵਾਲਾ ਪਾਣੀ ਪੀਣ ਨਾਲ ਹੁੰਦੀਆਂ ਹਨ। ਮਾਹਿਰਾਂ ਅਨੁਸਾਰ ਧਰਤੀ ਹੇਠਲਾ ਪਾਣੀ ਦੇ ਹੱਲ ਅਤੇ ਸਿਫ਼ਾਰਸ਼ਾਂ ਇਹ ਹਨ ਕਿ 60 ਮੀਟਰ ਤੋਂ ਵੱਧ ਗਹਿਰਾਈ ਵਾਲੇ ਬੋਰਾਂ ਦਾ ਪਾਣੀ ਵਰਤਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਇਸ ਦੀ ਆਰ.ਓ. ਸਿਸਟਮ ਰਾਹੀਂ ਸਫ਼ਾਈ ਜਾਂ ਨਹਿਰੀ ਪਾਣੀ ਨਾਲ ਮਿਲਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਪਿੰਡਾਂ ਅਤੇ ਸ਼ਹਿਰਾਂ ਅੰਦਰ ਜਾਗਰੂਕਤਾ ਅਤੇ ਜਲ ਗੁਣਵੱਤਾ ਨਿਗਰਾਨੀ ਪ੍ਰਣਾਲੀ ਦੀ ਲੋੜ ਹੈ। ਸਰਕਾਰ ਨੂੰ ਵਿਗਿਆਨਕ ਰਿਮੀਡੀਏਸ਼ਨ ਪ੍ਰਣਾਲੀ ਲਾਗੂ ਕਰਨੀ ਚਾਹੀਦੀ ਹੈ। ਐਡਯਾਰਪਸ਼ਨ ਅਤੇ ਨੈਨੋ ਤਕਨਾਲੋਜੀ ਆਧਾਰਿਤ ਘੱਟ ਖਰਚ ਵਾਲੇ ਫਿਲਟਰੇਸ਼ਨ ਆਦਿ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਖੇਤੀ ਵਿੱਚ ਟਿਕਾਊ ਤਰੀਕੇ ਅਤੇ ਰਸਾਇਣਕ ਖਾਦਾਂ 'ਤੇ ਨਿਯੰਤਰਣ ਜ਼ਰੂਰੀ ਹੈ, ਤਾਂ ਜੋ ਜਲ ਦੂਸ਼ਿਤ ਹੋਣੋਂ ਬਚਾਇਆ ਜਾ ਸਕੇ। ਇਹ ਸਮੱਸਿਆ ਵਾਤਾਵਰਨਿਕ ਹੀ ਨਹੀਂ, ਸਗੋਂ ਮਨੁੱਖੀ ਸਿਹਤ, ਖੇਤੀਬਾੜੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਲੋਕਾਂ ਨੂੰ ਇਸ ਪਾਸੇ ਧਿਆਨ ਦੇ ਕੇ ਆਪਣੇ ਪ੍ਰਸ਼ਾਸਨ ਤੇ ਸਰਕਾਰ ਨੂੰ ਸਵਾਲ ਕਰਨੇ ਚਾਹੀਦੇ ਹਨ ਅਤੇ ਸਰਕਾਰਾਂ ਨੂੰ ਵੀ ਇਸ ਪਾਸੇ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ।

# ਕਣਕ ਦੀ ਫ਼ਸਲ ਨੂੰ ਪੀਲੇਪਣ ਤੋਂ ਬਚਾਉਣ ਦੇ ਨੁਕਤੇ

**ਬਹੁਤ ਸਾਰੇ ਕਿਸਾਨ ਭਰਾ ਕਣਕ ਦੇ ਪੀਲੇ ਪੈ ਜਾਣ ਦੀ ਸ਼ਿਕਾਇਤ ਤਾਂ ਕਰਦੇ ਹਨ ਪਰ ਪੀਲੇ ਪੈਣ ਦੇ ਸਹੀ ਕਾਰਨ ਦਾ ਪਤਾ ਨਾ ਹੋਣ ਕਰਕੇ ਉਹ ਇਸ ਦਾ ਠੀਕ ਇਲਾਜ ਨਹੀਂ ਕਰ ਸਕਦੇ...**



ਰਜਿੰਦਰ ਸਿੰਘ ਬੱਲ
ਮੋ. 78883-56773

ਪੰਜਾਬ ਵਿੱਚ ਕਣਕ ਹਾੜ੍ਹੀ ਦੌਰਾਨ ਬੀਜੀ ਜਾਣ ਵਾਲੀ ਮੁੱਖ ਫ਼ਸਲ ਹੈ। ਇਸ ਦਾ ਚੰਗਾ ਝਾੜ ਲੈਣ ਲਈ ਕਿਸਾਨ ਭਰਾਵਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਆਉਂਦੀਆਂ ਹਨ। ਕਣਕ ਦਾ ਪੀਲਾ ਪੈ ਜਾਣਾ ਵੀ ਬਹੁਤ ਵੱਡੀ ਸਮੱਸਿਆ ਹੈ। ਕਈ ਵਾਰੀ ਉੱਗਣ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਕਣਕ ਦੀ ਫ਼ਸਲ ਪੀਲੀ ਪੈ ਜਾਂਦੀ ਹੈ। ਕਣਕ ਦੇ ਪੀਲੇ ਪੈਣ ਦੇ ਕਈ ਕਾਰਨ ਹੋ ਸਕਦੇ ਹਨ। ਖ਼ਰਾਬ ਮੌਸਮ ਜਾਂ ਜ਼ਿਆਦਾ ਪਾਣੀ ਲੱਗਣ ਨਾਲ ਜਾਂ ਕਿਸੇ ਤੱਤ ਦੀ ਘਾਟ ਕਰਕੇ ਕਣਕ ਦੇ ਬੂਟੇ ਦਾ ਰੰਗ ਪੀਲਾ ਪੈ ਸਕਦਾ ਹੈ। ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਕੀੜਿਆਂ ਦੇ ਹਮਲੇ ਨਾਲ ਵੀ ਕਣਕ ਦੀ ਫ਼ਸਲ ਪੀਲੀ ਹੋ ਸਕਦੀ ਹੈ। ਅਕਸਰ ਹੀ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਕਿਸਾਨ ਭਰਾ ਕਣਕ ਦੇ ਪੀਲੀ ਪੈ ਜਾਣ ਦੀ ਸ਼ਿਕਾਇਤ ਤਾਂ ਕਰਦੇ ਹਨ ਪਰ ਪੀਲੇ ਪੈਣ ਦੇ ਸਹੀ ਕਾਰਨ ਦਾ ਪਤਾ ਨਾ ਹੋਣ ਕਰਕੇ ਉਹ ਇਸ ਦਾ ਠੀਕ ਇਲਾਜ ਨਹੀਂ ਕਰ ਸਕਦੇ। ਕਈ ਕਿਸਾਨ ਤਾਂ ਇਸ ਨੂੰ ਪੀਲੀ ਕੁੰਗੀ ਸਮਝ ਕੇ ਉੱਲੀਨਾਸ਼ਕਾਂ ਦਾ ਛਿੜਕਾਅ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਖੇਤੀ ਖ਼ਰਚਾ ਵੀ ਵੱਧਦਾ ਹੈ।

**ਤੱਤਾਂ ਦੀ ਘਾਟ**

ਕਈ ਵਾਰੀ ਤੱਤਾਂ ਦੀ ਘਾਟ ਕਰ ਕੇ ਵੀ ਕਣਕ ਦੀ ਫ਼ਸਲ ਪੀਲੀ ਪੈ ਜਾਂਦੀ ਹੈ। ਅਕਸਰ ਹੀ ਨਾਈਟ੍ਰੋਜਨ, ਜ਼ਿੰਕ, ਮੈਗਨੀਜ਼ ਜਾਂ ਗੰਧਕ ਆਦਿ ਤੱਤਾਂ ਦੀ ਘਾਟ ਆ ਜਾਂਦੀ ਹੈ ਜਿਸ ਨਾਲ ਫ਼ਸਲ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਰਹਿੰਦਾ ਹੈ।

**ਨਾਈਟ੍ਰੋਜਨ** : ਨਾਈਟ੍ਰੋਜਨ ਤੱਤ ਦੀ ਘਾਟ ਕਰਕੇ ਵੀ ਕਣਕ ਦੀ ਫ਼ਸਲ ਪੀਲੀ ਪੈ ਸਕਦੀ ਹੈ। ਇਹ ਘਾਟ ਪੁਰਾਣੇ ਪੱਤਿਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਹੇਠਲੇ ਪੱਤਿਆਂ ਦਾ ਰੰਗ ਪੀਲਾ ਪੈ ਜਾਂਦਾ ਹੈ। ਨਾਈਟ੍ਰੋਜਨ ਦੀ ਘਾਟ ਦਾ ਮੁੱਖ ਕਾਰਨ ਜ਼ਮੀਨ ਵਿੱਚ ਇਸ ਤੱਤ ਦੀ ਜਮਾਂਦਰੂ ਤੌਰ 'ਤੇ ਘਾਟ, ਜ਼ਿਆਦਾ ਮੀਂਹ ਪੈਣ ਕਰ ਕੇ ਇਸ ਤੱਤ ਦਾ ਧਰਤੀ ਵਿੱਚ ਜ਼ੀਰ ਜਾਣਾ, ਜ਼ਮੀਨ ਵਿੱਚ ਫ਼ਸਲੀ ਰਹਿੰਦ-ਖੂੰਹਦ ਦੀ ਲੋੜ ਤੋਂ ਜ਼ਿਆਦਾ ਮਾਤਰਾ ਵਿੱਚ ਮੌਜੂਦਗੀ, ਖਾਦਾਂ ਦੀ ਸਹੀ ਮਾਤਰਾ ਵਿੱਚ ਵਰਤੋਂ ਨਾ ਹੋਣ ਕਰਕੇ ਆਦਿ। ਨਾਈਟ੍ਰੋਜਨ ਤੱਤ ਦੀ ਘਾਟ ਪੂਰੀ ਕਰਨ ਲਈ ਸਿਫ਼ਾਰਿਸ਼ ਮੁਤਾਬਿਕ (ਮਿੱਟੀ ਪਰਖ ਦੇ ਆਧਾਰ 'ਤੇ) ਯੂਰੀਆ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ। ਮਾੜੀਆਂ ਅਤੇ ਕਲਰਾਠੀਆਂ ਜ਼ਮੀਨਾਂ ਵਿੱਚ ਕਣਕ ਦੀ ਫ਼ਸਲ ਨੂੰ ਸਿਫ਼ਾਰਿਸ਼ ਕੀਤੀ ਮਾਤਰਾ

ਬਾਕੀ ਸਫ਼ਾ 6 'ਤੇ

## ਪੀਲੀ ਕੁੰਗੀ ਬਿਮਾਰੀ ਦਾ ਹਮਲਾ ਤੇ ਬਚਾਅ



ਪੀਲੀ ਕੁੰਗੀ ਨਾਂ ਦੀ ਬਿਮਾਰੀ ਨਾਲ ਵੀ ਕਣਕ ਦੀ ਫ਼ਸਲ ਪੀਲੀ ਨਜ਼ਰ ਆਉਂਦੀ ਹੈ। ਇਹ ਬਿਮਾਰੀ ਇੱਕ ਕਿਸਮ ਦੀ ਉੱਲੀ ਕਰ ਕੇ ਲੱਗਦੀ ਹੈ। ਇਸ ਦੇ ਹਮਲੇ ਕਰ ਕੇ ਪੱਤਿਆਂ ਉੱਤੇ ਪੀਲੇ ਰੰਗ ਦੇ ਧੂੜੇਦਾਰ ਧੱਬੇ ਲੰਮੀਆਂ ਧਾਰੀਆਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। ਜੇਕਰ ਹਮਲੇ ਵਾਲੇ ਪੱਤਿਆਂ ਨੂੰ ਛੂਹਿਆ ਜਾਵੇ ਤਾਂ ਹੱਥਾਂ ਨੂੰ ਪੀਲਾ ਪਾਊਡਰ ਲੱਗ ਜਾਂਦਾ ਹੈ। ਪੀਲੀ ਕੁੰਗੀ ਦੀ ਰੋਕਥਾਮ ਕਰਨ ਲਈ ਸਾਨੂੰ ਸੰਯੁਕਤ ਬਿਮਾਰੀ ਪ੍ਰਬੰਧ ਅਪਣਾਉਣਾ ਪਵੇਗਾ। ਪੀਏਯੂ ਦੁਆਰਾ ਸਿਫ਼ਾਰਿਸ਼ ਕੀਤੀਆਂ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਣਕ ਦੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ। ਜਦੋਂ ਵੀ ਰੋਗ ਦੀਆਂ ਨਿਸ਼ਾਨੀਆਂ ਦਿਖਾਈ ਦੇਣ ਤਾਂ 300 ਗ੍ਰਾਮ ਤਾਕਤ 75 ਡਬਲਯੂ ਪੀ ਨੂੰ 300 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ।



## ਮਾੜੇ ਪਾਣੀ ਦੀ ਵਰਤੋਂ

ਕਈ ਇਲਾਕਿਆਂ ਵਿੱਚ ਧਰਤੀ ਹੇਠਲਾ ਪਾਣੀ ਮਾੜਾ ਅਤੇ ਸਿੰਚਾਈ ਦੇ ਯੋਗ ਨਹੀਂ ਹੁੰਦਾ। ਅਜਿਹੇ ਮਾੜੇ ਪਾਣੀ ਦੀ ਵਰਤੋਂ ਨਾਲ ਵੀ ਕਈ ਵਾਰ ਕਣਕ ਦੀ ਫ਼ਸਲ 'ਤੇ ਅਸਰ ਹੁੰਦਾ ਹੈ ਤੇ ਫ਼ਸਲ ਪੀਲੀ ਪੈ ਜਾਂਦੀ ਹੈ। ਇਸ ਹਾਲਤ ਵਿੱਚ ਟਿਊਬਵੈੱਲ ਦੇ ਪਾਣੀ ਦੀ ਪਰਖ ਕਰਾਉਣੀ ਚਾਹੀਦੀ ਹੈ। ਜੇਕਰ ਪਾਣੀ ਮਾੜਾ ਹੋਵੇ ਤਾਂ ਸਿਫ਼ਾਰਿਸ਼ ਅਨੁਸਾਰ ਜਿਪਸਮ ਪਾਉਣੀ ਚਾਹੀਦੀ ਹੈ। ਮਾੜੇ ਪਾਣੀ ਨੂੰ ਚੰਗੇ ਪਾਣੀ ਨਾਲ ਰਲਾ ਕੇ ਜਾਂ ਅਦਲ-ਬਦਲ ਕੇ ਵੀ ਵਰਤਿਆ ਜਾ ਸਕਦਾ ਹੈ।

## ਮੌਸਮ ਤੇ ਪਾਣੀ ਨਾਲ ਜੁੜੇ ਕਾਰਨ

ਖ਼ਰਾਬ ਮੌਸਮ ਦਾ ਕਣਕ ਦੀ ਫ਼ਸਲ 'ਤੇ ਬਹੁਤ ਅਸਰ ਪੈਂਦਾ ਹੈ। ਜੇਕਰ ਤਾਪਮਾਨ ਅਚਾਨਕ ਹੀ ਹੇਠਾਂ ਡਿੱਗਣ ਜਾਂ ਕੋਰਾ ਪੈਣ ਨਾਲ ਵੀ ਕਣਕ ਦੇ ਬੂਟੇ ਪੀਲੇ ਪੈ ਸਕਦੇ ਹਨ। ਅਕਸਰ ਹੀ ਇਸ ਤਰ੍ਹਾਂ ਦਾ ਪੀਲਾਪਣ ਆਪਣੇ ਆਪ ਠੀਕ ਹੋ ਜਾਂਦਾ ਹੈ। ਫਿਰ ਵੀ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਕਣਕ ਦੀ ਫ਼ਸਲ ਨੂੰ ਸਮੇਂ ਸਿਰ ਲੋੜੀਂਦੀ ਮਾਤਰਾ ਵਿੱਚ ਪਾਣੀ ਲਗਾਉਂਦੇ ਰਹਿਣ। ਕਣਕ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਇਹ ਸਮੱਸਿਆ ਅਕਸਰ ਹੀ ਨਜ਼ਰ ਆਉਂਦੀ ਹੈ। ਕਈ ਵਾਰੀ ਪਾਣੀ ਵੱਧ ਲੱਗ ਜਾਂਦਾ ਹੈ ਅਤੇ ਕਈ ਵਾਰੀ ਪਾਣੀ ਲੱਗਣ ਤੋਂ ਛੇਤੀ ਬਾਅਦ ਹੀ ਭਾਰੀ ਮੀਂਹ ਪੈ ਜਾਂਦਾ ਹੈ। ਪਾਣੀ ਜ਼ਿਆਦਾ ਹੋਣ ਕਰਕੇ ਫ਼ਸਲ ਦੀਆਂ ਜੜ੍ਹਾਂ ਨੂੰ ਹਵਾ ਘੱਟ ਮਿਲਦੀ ਹੈ ਜਿਸ ਨਾਲ ਜੜ੍ਹਾਂ ਕੰਮ ਨਹੀਂ ਕਰਦੀਆਂ ਅਤੇ ਪਤੇ ਪੀਲੇ ਪੈ ਜਾਂਦੇ ਹਨ। ਛੇਤੀ ਹੀ ਸਾਰੀ ਫ਼ਸਲ ਪੀਲੀ ਪੈ ਜਾਂਦੀ ਹੈ। ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਫ਼ਸਲ 'ਤੇ ਮਾੜਾ ਅਸਰ ਪੈਂਦਾ ਹੈ। ਭਾਰੀਆਂ ਜ਼ਮੀਨਾਂ ਵਿੱਚ ਇਹ ਸਮੱਸਿਆ ਜ਼ਿਆਦਾ ਹੁੰਦੀ ਹੈ। ਕਈ ਕਿਸਾਨ ਵੀਰ ਖੇਤਾਂ ਦੇ ਕਿਆਰੇ ਕਾਫ਼ੀ ਵੱਡੇ ਬਣਾ ਲੈਂਦੇ ਹਨ। ਅਜਿਹਾ ਕਰਨ ਨਾਲ ਪਾਣੀ ਇਕਸਾਰ ਨਹੀਂ ਲੱਗਦਾ ਅਤੇ ਪੀਲੇਪਣ ਦੀ ਸਮੱਸਿਆ ਹੋਰ ਵੱਧ ਜਾਂਦੀ ਹੈ। ਇਸ ਸਮੱਸਿਆ ਦੇ ਹੱਲ ਲਈ ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਹਮੇਸ਼ਾ ਭਾਰੀਆਂ ਜ਼ਮੀਨਾਂ ਵਿੱਚ 8 ਕਿਆਰੇ ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਵਿੱਚ 18 ਕਿਆਰੇ ਪ੍ਰਤੀ ਏਕੜ ਬਣਾ ਕੇ ਸਿੰਚਾਈ ਕਰਨ।





PIONEER PESTICIDES PVT. LTD.
SCO 82-83, 2nd Floor, Sector-8C, M. Marg, Chandigarh
Phone : 0172-2549719, 2549819, 2540986
E-mail : headoffice@pioneerpesticides.com
Website : www.pioneerpesticides.com

# ਸਿਹਤਮੰਦ ਅਤੇ ਪ੍ਰਭਾਵਸ਼ਾਲੀ ਘਰੇਲੂ ਵਾਤਾਵਰਣ : ਰੰਗ ਅਤੇ ਰੌਸ਼ਨੀ ਦੀ ਮਹੱਤਤਾ

ਸ਼ਰਨਬੀਰ ਕੌਰ ਬਲ ਅਤੇ ਦੀਪਿਕਾ ਬਿਸ਼ਟ, ਕਮਿਊਨਿਟੀ ਸਾਇੰਸ ਕਾਲਜ (ਮੋ. 98761-20830)

**ਰੰਗ ਸਿਰਫ਼ ਘਰ ਦੀ ਸ਼ੋਭਾ ਹੀ ਨਹੀਂ ਵਧਾਉਂਦੇ ਸਗੋਂ ਘਰ ਦਾ ਮਾਹੌਲ, ਊਰਜਾ ਦੀ ਵਰਤੋਂ ਤੇ ਦਿਨ-ਰਾਤ ਦੇ ਕੰਮਾਂ ਦੀ ਸਹੂਲਤ ਵੀ ਤੈਅ ਕਰਦੇ ਹਨ। ਪੰਜਾਬ ਵਿੱਚ, ਜਿੱਥੇ ਗਰਮੀਆਂ ਬਹੁਤ ਤਪਦੀਆਂ ਹਨ ਅਤੇ ਸਰਦੀਆਂ ਬਹੁਤ ਕੜਾਕੇ ਦੀਆਂ ਹੁੰਦੀਆਂ ਹਨ, ਉੱਥੇ ਰੰਗਾਂ ਅਤੇ ਰੌਸ਼ਨੀ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ।**

**ਸਜਾਵਟ ਵਿੱਚ ਰੰਗਾਂ ਦੀ ਮਨੋਵਿਗਿਆਨਿਕ ਭੂਮਿਕਾ** : ਹਲਕੇ ਰੰਗ ਜਿਵੇਂ ਚਿੱਟਾ, ਕ੍ਰੀਮ ਆਦਿ ਰੌਸ਼ਨੀ ਆਦਿ ਗਰਮੀ ਨੂੰ ਪ੍ਰਤੀਬਿੰਬਿਤ ਕਰਦੇ ਹਨ। ਇਹ ਘਰਾਂ ਨੂੰ ਵੱਡਾ, ਰੌਸ਼ਨ ਅਤੇ ਠੰਢਾ ਮਹਿਸੂਸ ਕਰਾਉਂਦੇ ਹਨ, ਜੋ ਕਿ ਪੰਜਾਬ ਦੀਆਂ ਲੰਬੀਆਂ ਗਰਮੀਆਂ ਵਿੱਚ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਪੱਖਿਆਂ ਤੇ ਏਅਰ ਕੰਡੀਸ਼ਨਰ 'ਤੇ ਨਿਰਭਰਤਾ ਘੱਟਦੀ ਹੈ।



ਸੌਣ ਵਾਲੇ ਕਮਰੇ, ਜੋ ਆਰਾਮ ਲਈ ਹੁੰਦੇ ਹਨ, ਠੰਡੇ ਅਤੇ ਸ਼ਾਂਤ ਰੰਗ ਜਿਵੇਂ ਕਿ ਹਲਕਾ ਨੀਲਾ, ਲੈਵੈਂਡਰ ਜਾਂ ਹਰੇ ਰੰਗ ਨਾਲ ਲਾਭਦਾਇਕ ਸਾਬਤ ਹੁੰਦੇ ਹਨ, ਕਿਉਂਕਿ ਇਹ ਮਨ ਨੂੰ ਆਰਾਮਦਾਇਕ ਅਵਸਥਾ ਵੱਲ ਲੈ ਜਾਂਦੇ ਹਨ। ਰਸੋਈ, ਜੋ ਊਰਜਾ ਅਤੇ ਸਰਗਰਮੀ ਨਾਲ ਜੁੜੀ ਹੁੰਦੀ ਹੈ, ਤਾਜ਼ਗੀ ਭਰੇ ਰੰਗ ਜਿਵੇਂ ਕਿ ਆਫ-ਵਾਈਟ, ਮਿੰਟ ਹਰਾ ਜਾਂ ਹਲਕਾ ਪੀਲਾ ਰੰਗ, ਜੋ ਸਾਫ਼-ਸੁਥਰੇਪਨ ਦੇ ਅਹਿਸਾਸ ਨੂੰ ਵੀ ਵਧਾਉਂਦੇ ਹਨ, ਅਤੇ ਸਭ ਤੋਂ ਆਕਰਸ਼ਕ ਲੱਗਦੇ ਹਨ। ਪੜ੍ਹਾਈ ਵਾਲੇ ਕਮਰੇ ਲਈ ਹਲਕੇ ਨਿਊਟਰਲ ਰੰਗ ਜਿਵੇਂ ਪੀਲਾ, ਹਲਕੇ ਨੀਲੇ, ਸਲੇਟੀ ਜਾਂ ਕ੍ਰੀਮ ਵਰਗੇ ਕੋਮਲ ਨਿਊਟਰਲ ਰੰਗ ਵਰਤੇ ਜਾਣੇ ਚਾਹੀਦੇ ਹਨ, ਕਿਉਂਕਿ ਇਹ ਧਿਆਨ ਕੇਂਦਰਤ ਕਰਨ ਵਿੱਚ ਮਦਦ ਕਰਦੇ ਹਨ ਅਤੇ ਧਿਆਨ ਭਟਕਣ ਤੋਂ ਬਚਾਉਂਦੇ ਹਨ। ਬਾਥਰੂਮ, ਦੂਜੇ ਪਾਸੇ, ਚਿੱਟੇ ਅਤੇ ਹਲਕੇ ਸਲੇਟੀ ਵਰਗੇ ਰੰਗਾਂ ਲਈ ਸਭ ਤੋਂ ਉਚਿਤ ਹੁੰਦੇ ਹਨ, ਕਿਉਂਕਿ ਇਹ ਤਾਜ਼ਗੀ ਅਤੇ ਸਫ਼ਾਈ ਵਾਲਾ ਅਹਿਸਾਸ ਦਿੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਛੱਤਾਂ ਅਤੇ ਕੰਧਾਂ ਨੂੰ ਹਲਕੇ ਰੰਗਾਂ ਨਾਲ ਰੰਗਣ ਨਾਲ ਕੁਦਰਤੀ ਰੌਸ਼ਨੀ ਵਧਦੀ ਹੈ, ਜਿਸ ਨਾਲ ਦਿਨ ਦੇ ਸਮੇਂ ਰੌਸ਼ਨੀ ਦੀ ਲੋੜ ਘੱਟ ਜਾਂਦੀ ਹੈ।

ਘਰ ਦੀ ਦਿਸ਼ਾ ਚੁਣਾਈ ਇਹ ਫ਼ੈਸਲਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਕਿ ਰੰਗਾਂ ਅਤੇ ਰੌਸ਼ਨੀ ਨੂੰ ਕਿਵੇਂ ਵਰਤਣਾ ਚਾਹੀਦਾ ਹੈ। ਉੱਤਰ-ਮੁੱਖੀ ਕਮਰੇ ਨਰਮ, ਚਮਕ-ਰਹਿਤ ਦਿਨ ਦੀ ਰੌਸ਼ਨੀ ਪ੍ਰਾਪਤ ਕਰਦੇ ਹਨ, ਜੋ ਕਿ ਪੜ੍ਹਾਈ, ਕੰਮ ਵਾਲੇ ਖੇਤਰ ਜਾਂ ਪਰਿਵਾਰਕ ਰਹਿਣ ਵਾਲੀਆਂ ਜਗ੍ਹਾਂ ਲਈ ਢੁੱਕਵੇਂ ਹੁੰਦੇ ਹਨ। ਇਨ੍ਹਾਂ ਕਮਰਿਆਂ ਵਿੱਚ ਹਲਕੇ ਅਤੇ ਪਰਾਵਰਤਕ ਰੰਗ ਚਮਕ ਨੂੰ ਵੱਧ ਕਰਦੇ ਹਨ। ਦੱਖਣ-ਮੁੱਖੀ ਕਮਰੇ ਸਰਦੀਆਂ ਦੀ ਧੁੱਪ ਲਈ ਬਹੁਤ ਵਧੀਆ ਹੁੰਦੇ ਹਨ, ਜੋ ਅੰਦਰੂਨੀ ਹਿੱਸਿਆਂ ਨੂੰ ਕੁਦਰਤੀ ਤੌਰ 'ਤੇ ਗਰਮ ਰੱਖਦੇ ਹਨ, ਪਰ ਗਰਮੀਆਂ ਵਿੱਚ ਵੱਧਦੀ ਗਰਮੀ ਨੂੰ ਰੋਕਣ ਲਈ ਬਲਾਈਂਡ, ਪਰਦੇ ਆਦਿ ਲਗਾਏ ਜਾ ਸਕਦੇ ਹਨ। ਦੱਖਣ-ਮੁੱਖੀ ਕਮਰਿਆਂ ਦੀਆਂ ਕੰਧਾਂ 'ਤੇ ਹਲਕਾ ਹਰਾ ਜਾਂ ਨੀਲਾ ਰੰਗ ਗਰਮੀਆਂ ਵਿੱਚ ਵਧੇਰੇ ਗਰਮੀ ਦੇ ਪੱਧਰ ਨੂੰ ਘਟਾ ਦਿੰਦੇ ਹਨ।

ਪੂਰਬ-ਮੁੱਖੀ ਹਿੱਸੇ ਸੁਹਾਵਣੀ ਸਵੇਰੀ ਧੁੱਪ ਕਰਕੇ ਰਸੋਈ ਅਤੇ ਸੌਣ ਵਾਲੇ ਕਮਰਿਆਂ ਲਈ ਉਚਿਤ ਹੁੰਦੇ ਹਨ। ਇਨ੍ਹਾਂ ਜਗ੍ਹਾਂ ਵਿੱਚ ਹਲਕੇ ਪੇਸਟਲ ਰੰਗ ਸਵੇਰ ਦੀ ਕੁਦਰਤੀ ਤਾਜ਼ਗੀ ਨੂੰ ਪੂਰਾ ਕਰਦੇ ਹਨ। ਪੱਛਮ-ਮੁੱਖੀ ਕਮਰੇ ਦੁਪਹਿਰ ਦੀ ਤੇਜ਼ ਧੁੱਪ ਪ੍ਰਾਪਤ ਕਰਦੇ ਹਨ ਜੋ ਖ਼ਾਸ ਕਰਕੇ ਗਰਮੀਆਂ ਵਿੱਚ ਅੰਦਰੂਨੀ ਗਰਮੀ ਵਧਾਉਂਦਾ ਹੈ। ਇਸ ਲਈ ਪੱਛਮ-ਮੁੱਖੀ ਵੱਡੀਆਂ ਖਿੜਕੀਆਂ ਨੂੰ ਘਟਾਉਣਾ, ਛੱਜੇ ਅਤੇ ਬਲਾਈਂਡ ਜਿਹੇ ਛਾਂ ਕਰਨ ਵਾਲੇ ਉਪਕਰਨ ਵਰਤਣਾ, ਅਤੇ ਇਨ੍ਹਾਂ ਕਮਰਿਆਂ ਨੂੰ ਹਲਕੇ ਪਰਾਵਰਤਕ ਰੰਗਾਂ ਨਾਲ ਰੰਗਣਾ ਜਿਹੜੇ ਗਰਮੀ ਦੇ ਸੋਖਣ ਨੂੰ ਘਟਾਉਂਦੇ ਹਨ, ਬਿਹਤਰ ਹੁੰਦਾ ਹੈ। ਪੱਛਮ-ਮੁੱਖੀ ਕੰਧਾਂ ਕੋਲ ਦਰੱਖ਼ਤ ਲਗਾਉਣਾ ਵੀ ਅੰਦਰੂਨੀ ਆਰਾਮ ਵਧਾਉਣ ਲਈ ਰਵਾਇਤੀ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ।

**ਸਿਹਤਮੰਦ ਅੰਦਰੂਨੀ ਸਜਾਵਟ ਵਿੱਚ ਰੌਸ਼ਨੀ ਦੀ ਭੂਮਿਕਾ** : ਰੌਸ਼ਨੀ ਰੰਗਾਂ ਦੇ ਬਰਾਬਰ ਹੀ ਮਹੱਤਵਪੂਰਨ ਹੈ ਕਿਉਂਕਿ ਇਹ ਅੰਦਰੂਨੀ ਹਿੱਸਿਆਂ ਦੀ ਆਰਾਮਦਾਇਕਤਾ ਅਤੇ ਕੁਸ਼ਲਤਾ ਨੂੰ ਨਿਰਧਾਰਤ ਕਰਦੀ ਹੈ। ਕੁਦਰਤੀ ਦਿਨ ਦੀ ਰੌਸ਼ਨੀ ਨੂੰ ਹਮੇਸ਼ਾਂ ਵੱਧ ਤੋਂ ਵੱਧ ਵਰਤਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਨਾ ਸਿਰਫ਼ ਊਰਜਾ ਖਰਚ ਘਟਾਉਂਦੀ ਹੈ, ਬਲਕਿ ਸਿਹਤ ਵਿੱਚ ਵੀ ਸੁਧਾਰ ਕਰਦੀ ਹੈ। ਉੱਤਰ-ਮੁੱਖੀ ਖਿੜਕੀਆਂ ਨਰਮ ਅਤੇ ਸਥਿਰ ਰੌਸ਼ਨੀ ਲਿਆਉਂਦੀਆਂ ਹਨ, ਜਦਕਿ ਦੱਖਣ-ਮੁੱਖੀ ਖਿੜਕੀਆਂ ਸਰਦੀਆਂ ਵਿੱਚ ਗਰਮੀ ਪ੍ਰਦਾਨ ਕਰਦੀਆਂ ਹਨ। ਪੂਰਬ-ਮੁੱਖੀ ਖਿੜਕੀਆਂ ਰਸੋਈ ਅਤੇ ਸੌਣ ਵਾਲੇ ਕਮਰਿਆਂ ਲਈ ਬਹੁਤ ਵਧੀਆ ਹਨ, ਅਤੇ ਪੱਛਮੀ-ਮੁੱਖੀ ਖਿੜਕੀਆਂ ਨੂੰ ਛਾਂ ਵਾਲੇ ਪਾਸੇ ਬਣਾਇਆ ਜਾਣਾ ਚਾਹੀਦਾ ਹੈ।

ਊਰਜਾ-ਕੁਸ਼ਲ ਐਲ ਈ ਡੀ ਲਾਈਟਾਂ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ, ਕਿਉਂਕਿ ਇਹ ਘੱਟ ਬਿਜਲੀ ਖਪਤ ਕਰਦੀਆਂ ਹਨ, ਲੰਮਾ ਸਮਾਂ ਚੱਲਦੀਆਂ ਹਨ ਅਤੇ ਰਵਾਇਤੀ ਬਲਬਾਂ ਨਾਲੋਂ ਘੱਟ ਗਰਮੀ ਪੈਦਾ ਕਰਦੀਆਂ ਹਨ। ਰੌਸ਼ਨੀ ਦੇ ਰੰਗ ਦਾ ਤਾਪਮਾਨ ਵੀ ਮਹੱਤਵਪੂਰਨ ਹੈ : ਗਰਮ ਚਿੱਟੀ ਰੌਸ਼ਨੀ (2700-3000K) ਲਿਵਿੰਗ ਰੂਮ ਅਤੇ ਸੌਣ ਵਾਲੇ ਕਮਰਿਆਂ ਲਈ ਨਿੱਘਾਪਣ ਵਾਲਾ ਮਾਹੌਲ ਬਣਾਉਂਦੀ ਹੈ, ਜਦਕਿ ਠੰਢੀ ਚਿੱਟੀ ਰੌਸ਼ਨੀ (4000-5000K) ਅਧਿਐਨ ਵਾਲੇ ਖੇਤਰਾਂ ਅਤੇ ਰਸੋਈ ਲਈ ਵਧੀਆ ਹੁੰਦੀ ਹੈ, ਜਿੱਥੇ ਧਿਆਨ ਅਤੇ ਚੁਸਤ ਰਹਿਣ ਦੀ ਲੋੜ ਹੁੰਦੀ ਹੈ।

**ਖਾਸ ਗਤੀਵਿਧੀਆਂ ਲਈ ਰੌਸ਼ਨੀ ਦੇ ਮਾਪਦੰਡ** : ਆਰਾਮ ਅਤੇ ਕਾਰਗੁਜ਼ਾਰੀ ਨੂੰ ਯਕੀਨੀ ਬਣਾਉਣ ਲਈ, ਰੌਸ਼ਨੀ ਨੂੰ ਕੁੱਝ ਨਿਰਧਾਰਤ ਚਮਕ ਮਾਪਦੰਡਾਂ 'ਤੇ ਪੂਰਾ ਉਤਰਨਾ ਚਾਹੀਦਾ ਹੈ, ਜੋ ਕਿ ਲਕਸ (lux) ਵਿੱਚ ਮਾਪੇ ਜਾਂਦੇ ਹਨ। ਰਿਹਾਇਸ਼ੀ ਕਮਰਿਆਂ ਵਿੱਚ ਆਮ ਵਰਤੋਂ ਲਈ ਲਗਭਗ 100 ਤੋਂ 150 ਲਕਸ ਦੀ ਰੌਸ਼ਨੀ ਦੀ ਲੋੜ ਹੁੰਦੀ ਹੈ। ਰਸੋਈਆਂ ਵਿੱਚ ਖਾਸ ਕਰਕੇ ਕਾਊਂਟਰਾਂ ਅਤੇ ਪਕਵਾਨ ਬਣਾਉਣ ਵਾਲੀਆਂ ਥਾਵਾਂ ਉੱਤੇ 200 ਤੋਂ 300 ਲਕਸ ਦੀ ਰੌਸ਼ਨੀ ਹੋਣੀ ਚਾਹੀਦੀ ਹੈ। ਡਾਇਨਿੰਗ ਖੇਤਰ 150 ਲਕਸ ਦੇ ਆਸ-ਪਾਸ ਦੀ ਰੌਸ਼ਨੀ ਆਰਾਮਦਾਇਕ ਰਹਿੰਦੀ ਹੈ। ਸੌਣ ਵਾਲੇ ਕਮਰੇ ਆਮ ਵਰਤੋਂ ਲਈ 100 ਲਕਸ ਅਤੇ ਪੜ੍ਹਨ ਲਈ ਲਗਭਗ 200 ਲਕਸ ਦੀ ਰੌਸ਼ਨੀ ਦੀ ਲੋੜ ਰੱਖਦੇ ਹਨ। ਅਧਿਐਨ ਕਮਰੇ ਅਤੇ ਦਫ਼ਤਰ ਵਰਗੀਆਂ ਕੰਮ ਕਰਨ ਵਾਲੀਆਂ ਥਾਵਾਂ ਵਿੱਚ 300 ਤੋਂ 500 ਲਕਸ ਦੀ ਉੱਚ ਪੱਧਰੀ ਰੌਸ਼ਨੀ ਲੋੜੀਂਦੀ ਹੁੰਦੀ ਹੈ, ਤਾਂ ਜੋ ਅੱਖਾਂ ਉੱਤੇ ਦਬਾਅ ਨਾ ਪਏ ਅਤੇ ਉਤਪਾਦਕਤਾ ਵਧੇ। ਬਾਥਰੂਮਾਂ ਵਿੱਚ ਆਮ ਵਰਤੋਂ ਲਈ 150 ਤੋਂ 200 ਲਕਸ ਅਤੇ ਸ਼ੀਸ਼ਿਆਂ ਕੋਲ ਸ਼ਿੰਗਾਰ ਕਾਰਜਾਂ ਲਈ 300 ਲਕਸ ਤੱਕ ਦੀ ਰੌਸ਼ਨੀ ਹੋਣੀ ਚਾਹੀਦੀ ਹੈ। ਪੌੜੀਆਂ ਅਤੇ ਰਸਤੇ ਆਮ ਤੌਰ 'ਤੇ 100 ਲਕਸ ਦੀ ਰੌਸ਼ਨੀ ਨਾਲ ਸੁਰੱਖਿਅਤ ਬਣੇ ਰਹਿੰਦੇ ਹਨ। ਬਾਹਰੀ ਇਲਾਕਿਆਂ ਵਿੱਚ, ਜਿਵੇਂ ਕਿ ਮੁੱਖ ਦਰਵਾਜ਼ਿਆਂ ਉੱਤੇ 200 ਲਕਸ ਦੀ ਰੌਸ਼ਨੀ ਸੁਰੱਖਿਆ ਲਈ ਜ਼ਰੂਰੀ ਹੈ। ਇਹ ਮਾਪਦੰਡ ਇਹ ਯਕੀਨੀ ਬਣਾਉਂਦੇ ਹਨ ਕਿ ਰੌਸ਼ਨੀ ਸਿਰਫ਼ ਊਰਜਾ ਲਈ ਹੀ ਨਹੀਂ, ਸਗੋਂ ਮਨੁੱਖੀ ਆਰਾਮ ਅਤੇ ਗਤੀਵਿਧੀਆਂ ਦੀਆਂ ਲੋੜਾਂ ਅਨੁਸਾਰ ਹੋਵੇ।

ਬਾਕੀ ਸਫ਼ਾ 5 ਦੀ

# ਕਣਕ ਦੀ ਫ਼ਸਲ ਨੂੰ ਪੀਲੇਪਣ ਤੋਂ ਬਚਾਉਣ ਦੇ ਨੁਕਤੇ

ਤੋਂ 25 ਪ੍ਰਤੀਸ਼ਤ ਵੱਧ ਨਾਈਟ੍ਰੋਜਨ ਖਾਦ ਪਾਉਣੀ ਚਾਹੀਦੀ ਹੈ।

**ਜ਼ਿੰਕ** : ਕਣਕ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ ਨਾਲ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟੇ ਝਾੜੀ ਵਰਗੇ ਬਣ ਜਾਂਦੇ ਹਨ। ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਉੱਥੋਂ ਟੁੱਟ ਕੇ ਲਮਕ ਜਾਂਦੇ ਹਨ। ਘਾਟ ਵਾਲੀਆਂ ਜ਼ਮੀਨਾਂ ਵਿੱਚ ਬਿਜਾਈ ਸਮੇਂ 25 ਕਿਲੋ ਜ਼ਿੰਕ ਸਲਫੇਟ (21%) ਪ੍ਰਤੀ ਏਕੜ ਜ਼ਮੀਨ ਵਿੱਚ ਛੱਟੇ ਨਾਲ ਪਾਓ। ਇਹ 2-3 ਸਾਲ ਲਈ ਕਾਫ਼ੀ ਹੁੰਦਾ ਹੈ। ਜ਼ਿੰਕ ਦੀ ਘਾਟ ਪੂਰੀ ਕਰਨ ਲਈ ਜ਼ਿੰਕ ਸਲਫ਼ੇਟ (0.5%) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਇੱਕ ਏਕੜ ਲਈ ਇੱਕ ਕਿਲੋ ਜ਼ਿੰਕ ਸਲਫ਼ੇਟ ਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿੱਚ ਘੋਲ ਕੇ 15 ਦਿਨਾਂ ਦੀ ਵਿੱਥ 'ਤੇ 2-3 ਵਾਰੀ ਛਿੜਕਾਅ ਕਰੋ।



**ਮੈਂਗਨੀਜ਼** : ਮੈਂਗਨੀਜ਼ ਤੱਤ ਦੀ ਘਾਟ ਨਾਲ ਵੀ ਕਣਕ ਦੀ ਫ਼ਸਲ ਪੀਲੀ ਪੈ ਜਾਂਦੀ ਹੈ। ਇਹ ਨਿਸ਼ਾਨੀਆਂ ਬੂਟੇ ਦੇ ਵਿਚਕਾਰਲੇ ਪੱਤਿਆਂ ਉੱਤੇ ਦਿੱਸਦੀਆਂ ਹਨ। ਪੱਤੇ ਦੀਆਂ ਨਾੜੀਆਂ ਦੇ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ ਪਰ ਨਾੜੀਆਂ ਦਾ ਰੰਗ ਹਰਾ ਹੀ ਰਹਿੰਦਾ ਹੈ। ਪੱਤਿਆਂ ਦੇ ਪੀਲੇ ਹਿੱਸੇ 'ਤੇ ਹਲਕੇ ਪੀਲੇ-ਸਲੇਟੀ ਜਾਂ ਗੁਲਾਬੀ ਭੂਰੇ ਰੰਗ ਦੇ ਚਟਾਖ ਪੈ ਜਾਂਦੇ ਹਨ। ਬਾਅਦ ਵਿੱਚ ਇਹ ਚਟਾਖ ਆਪਸ ਵਿੱਚ ਮਿਲ ਜਾਂਦੇ ਹਨ ਅਤੇ ਗੁਲਾਬੀ ਰੰਗ ਦੀਆਂ ਧਾਰੀਆਂ ਬਣ ਜਾਂਦੀਆਂ ਹਨ। ਜ਼ਿਆਦਾਤਰ ਹਲਕੀਆਂ ਜ਼ਮੀਨਾਂ ਵਿੱਚ, ਜਿੱਥੇ 5-6 ਸਾਲਾਂ ਤੋਂ ਲਗਾਤਾਰ ਕਣਕ-ਝੋਨਾ ਫ਼ਸਲੀ ਚੱਕਰ ਅਪਣਾਇਆ ਜਾ ਰਿਹਾ ਹੋਵੇ, ਵਿੱਚ ਮੈਂਗਨੀਜ਼ ਦੀ ਘਾਟ ਦੇਖਣ ਨੂੰ ਮਿਲਦੀ ਹੈ। ਇਸ ਤੱਤ ਦੀ ਪੂਰਤੀ ਲਈ ਧੁੱਪ ਵਾਲੇ ਦਿਨ 1 ਕਿਲੋ ਮੈਂਗਨੀਜ਼ ਸਲਫ਼ੇਟ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਾਉਣ ਤੋਂ 2-4 ਦਿਨ ਪਹਿਲਾਂ ਛਿੜਕਾਅ ਕਰ ਦੇਣਾ ਚਾਹੀਦਾ ਹੈ। ਫਿਰ ਹਫ਼ਤੇ-ਹਫ਼ਤੇ ਦੇ ਵਕਫ਼ੇ ਨਾਲ 3 ਛਿੜਕਾਅ ਹੋਰ ਕਰਨੇ ਚਾਹੀਦੇ ਹਨ। ਧਿਆਨ ਰਹੇ ਕਿ ਮੈਂਗਨੀਜ਼ ਸਲਫ਼ੇਟ ਦੀ ਵਰਤੋਂ ਸਿਰਫ਼ ਛਿੜਕਾਅ ਦੇ ਤੌਰ 'ਤੇ ਹੀ ਕੀਤਾ ਜਾਵੇ।



**ਗੰਧਕ** : ਗੰਧਕ ਦੀ ਘਾਟ ਨਾਲ ਵੀ ਖ਼ਾਸ ਕਰ ਕੇ ਰੇਤਲੀਆਂ ਜ਼ਮੀਨਾਂ ਵਿੱਚ ਕਣਕ ਦੀ ਫ਼ਸਲ ਪੀਲੀ ਪੈ ਸਕਦੀ ਹੈ। ਗੰਧਕ ਦੀ ਘਾਟ ਕਰ ਕੇ ਬੂਟਿਆਂ ਦੇ ਨਵੇਂ ਪੱਤਿਆਂ ਦਾ ਰੰਗ ਨੋਕ ਨੂੰ ਛੱਡ ਕੇ ਪੀਲਾ ਪੈ ਜਾਂਦਾ ਹੈ ਪਰ ਹੇਠਲੇ ਪੱਤਿਆਂ ਦਾ ਰੰਗ ਹਰਾ ਹੀ ਰਹਿੰਦਾ ਹੈ। ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ। ਬੂਟੇ ਛੋਟੇ ਰਹਿ ਜਾਂਦੇ ਹਨ ਤੇ ਪੂਰਾ ਜਾੜ ਨਹੀਂ ਮਾਰਦੇ। ਜੇ ਫ਼ਸਲ ਦੇ ਮੁੱਢਲੇ ਵਾਧੇ ਦੌਰਾਨ ਲੰਮੇ ਸਮੇਂ ਤੱਕ ਬੱਦਲਵਾਈ ਜਾਂ ਮੀਂਹ ਪੈਂਦਾ ਰਹੇ ਤਾਂ ਇਹ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ। ਗੰਧਕ ਦੀ ਘਾਟ ਪੂਰੀ ਕਰਨ ਲਈ 100 ਕਿਲੋ ਜਿਪਸਮ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ।

## ਕੀੜੇ-ਮਕੌੜਿਆਂ ਦਾ ਹਮਲਾ

**ਸਿਉਂਕ** : ਕਈ ਵਾਰੀ ਬਿਜਾਈ ਤੋਂ ਬਾਅਦ ਛੇਤੀ ਹੀ ਸਿਉਂਕ ਦੇ ਹਮਲੇ ਨਾਲ ਵੀ ਕਣਕ ਦੇ ਬੂਟੇ ਪੀਲੇ ਪੈ ਜਾਂਦੇ ਹਨ। ਫਿਰ ਇਹ ਬੂਟੇ ਸੁੱਕ ਜਾਂਦੇ ਹਨ ਅਤੇ ਅਸਾਨੀ ਨਾਲ ਪੁੱਟੇ ਜਾ ਸਕਦੇ ਹਨ। ਸਿਉਂਕ ਦਾ ਹਮਲਾ ਰੇਤਲੀਆਂ ਪੈਲੀਆਂ ਵਿੱਚ ਜ਼ਿਆਦਾ ਹੁੰਦਾ ਹੈ। ਜਿਹੜੇ ਖੇਤਾਂ ਵਿੱਚ ਸਿਉਂਕ ਦਾ ਹਮਲਾ ਹੁੰਦਾ ਹੋਵੇ ਉੱਥੇ ਇਸ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਹੀ ਕੀਟਨਾਸ਼ਕਾਂ ਨਾਲ ਬੀਜ ਦੀ ਸੋਧ ਕਰਨੀ ਚਾਹੀਦੀ ਹੈ। ਬੀਜ ਸੋਧ ਕਰਨ ਲਈ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ 1 ਗ੍ਰਾਮ ਕਰੂਜ਼ਰ 70 ਡਬਲਯੂ ਐਸ (ਥਾਇਆਮੀਥੋਕਸਮ) ਜਾਂ 4 ਮਿਲੀਲਿਟਰ ਡਰਸਬਾਨ/ਰੁਬਾਨ/ਡਰਮੈਟ 20 ਈ ਸੀ (ਕਲੋਰਪਾਈਰੀਫਾਸ) ਜਾਂ 2 ਮਿਲੀਲਿਟਰ ਨਿਓਨਿਕਸ 20 ਐਫ ਐਸ (ਇਮੀਡਾਕਲੋਪਰਿਡ + ਹੈਕਸਾਕੋਨਾਜ਼ੋਲ) ਦੀ ਵਰਤੋਂ ਕਰੋ। ਜੇਕਰ ਬਿਜਾਈ ਤੋਂ ਬਾਅਦ ਇਸ ਦਾ ਹਮਲਾ ਨਜ਼ਰ ਆਵੇ ਤਾਂ ਪਾਣੀ ਲਾਉਣ ਤੋਂ ਪਹਿਲਾਂ ਇੱਕ ਏਕੜ ਲਈ 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਦਾ ਛੱਟਾ ਦਿਓ।

**ਗੁਲਾਬੀ ਸੁੰਡੀ** : ਇਹ ਕੀੜਾ ਛੋਟੀ ਫ਼ਸਲ 'ਤੇ ਹਮਲਾ ਕਰਦਾ ਹੈ। ਇਸ ਦੀਆਂ ਸੁੰਡੀਆਂ ਬੂਟਿਆਂ ਦੇ ਤਣਿਆਂ ਵਿੱਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ। ਗੁਲਾਬੀ ਸੁੰਡੀ ਦੇ ਹਮਲੇ ਤੋਂ ਬਾਅਦ ਕਣਕ ਦੇ ਬੂਟੇ ਪੀਲੇ ਪੈ ਜਾਂਦੇ ਹਨ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਪਾਣੀ ਲਾਉਣ ਤੋਂ ਪਹਿਲਾਂ ਇੱਕ ਏਕੜ ਲਈ 7 ਕਿਲੋ ਮੋਰਟਲ/ਰੀਜੈਂਟ 0.3 ਜੀ (ਫਿਪਰੋਨਿਲ) ਦਾ ਛੱਟਾ ਦਿਓ।



# ਕਿਸਾਨ ਦੀ ਬੇਵਸੀ ਦੀ ਮੂੰਹ ਬੋਲਦੀ ਤਸਵੀਰ

ਗੁਰਦੀਪ ਢੁੱਡੀ
ਮੋ. 95010-20731

ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਦੀ ਧਰਤੀ ਤੋਂ ਸਾਲ 2020 ਵਿੱਚ ਸ਼ੁਰੂ ਹੋਇਆ ਕਿਸਾਨ ਅੰਦੋਲਨ ਭਰਵੇਂ ਰੂਪ ਵਿੱਚ ਚੱਲਿਆ ਅਤੇ ਵਿਆਪਕ ਰੂਪ ਧਾਰਦਾ ਹੋਇਆ ਅੰਸ਼ਿਕ, ਪਰ ਵੱਡੀ ਜਿੱਤ ਨਾਲ 2023 ਵਿੱਚ ਦਿੱਲੀ ਦੀਆਂ ਬਰੂਹਾਂ ਤੋਂ ਉੱਠਿਆ। ਅੰਸ਼ਿਕ ਜਿੱਤ ਇਸ ਕਰਕੇ ਸੀ ਕਿ ਕਿਸਾਨ ਅੰਦੋਲਨ ਵਿੱਚ ਜਿੰਨੀਆਂ ਮੰਗਾਂ ਰੱਖੀਆਂ ਗਈਆਂ ਸਨ ਉਨ੍ਹਾਂ ਵਿੱਚੋਂ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਸੰਬੰਧੀ ਮੰਗ ਹੀ ਮੰਨੀ ਸੀ ਜਦੋਂਕਿ ਬਾਕੀ ਮੰਗਾਂ ਨੂੰ ਲਟਕਵੀਂ ਸਥਿਤੀ ਵਿੱਚ ਛੱਡ ਦਿੱਤਾ ਗਿਆ। ਵੱਡੀ ਜਿੱਤ ਇਸ ਕਰਕੇ ਸੀ ਕਿਉਂਕਿ ਜਿਹੜੀ ਸਰਕਾਰ ਕਹਿੰਦੀ ਸੀ ਕਿ ਉਸ ਦੇ ਮੂੰਹ ਵਿੱਚੋਂ ਨਿਕਲਿਆ ਬੋਲ ਹੀ ਕਾਨੂੰਨ ਹੈ ਅਤੇ ਇੱਕ ਵਾਰੀ ਹੋਂਦ ਵਿੱਚ ਆਇਆ ਹੋਇਆ ਕਾਨੂੰਨ ਵਾਪਸ ਨਹੀਂ ਹੁੰਦਾ, ਉਸੇ ਨੇ ਹੀ ਆਖ਼ਰ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲਿਆ। ਇਸ ਅੰਦੋਲਨ ਦਾ ਮੂਲ ਮੁੱਦਾ ਭਾਵੇਂ ਕਿਸਾਨੀ ਦੀ ਹੋਂਦ ਨੂੰ ਬਚਾਉਣਾ ਸੀ, ਪਰ ਇਸ ਵਿੱਚ ਹੌਲੀ-ਹੌਲੀ ਹੋਰ ਬਹੁਤ ਸਾਰੇ ਮੁੱਦੇ ਜੁੜਦੇ ਗਏ। ਅਸਲ ਵਿੱਚ ਇਹ ਮੁੱਦੇ ਵੀ ਸਿੱਧੇ ਅਸਿੱਧੇ ਰੂਪ ਵਿੱਚ ਕਿਸਾਨੀ ਬਚਾਉਣ ਨਾਲ ਸੰਬੰਧਿਤ ਹੀ ਸਨ। ਇਨ੍ਹਾਂ ਮੁੱਦਿਆਂ ਵਿੱਚ 'ਮੰਡੀਆਂ ਨੂੰ ਬਚਾਉਣਾ' ਵੀ ਸ਼ਾਮਿਲ ਸੀ। ਕੇਂਦਰ ਸਰਕਾਰ ਵੱਲੋਂ ਵਾਪਸ ਲਏ ਤਿੰਨ ਖੇਤੀ ਕਾਨੂੰਨਾਂ ਤਹਿਤ ਮੰਡੀਆਂ ਦਾ ਵਰਤਮਾਨ ਰੂਪ ਸਮਾਪਤ ਕਰਕੇ ਕਾਰਪੋਰੇਟੀ ਰੂਪ ਦੇ ਦਿੱਤਾ ਜਾਣਾ ਸੀ, ਜਿਸ ਦਾ ਮਤਲਬ ਭਵਿੱਖ ਵਿੱਚ ਆੜ੍ਹਤੀਏ, ਮੰਡੀ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਨਿਹੱਥੇ ਕਰਨਾ ਸੀ। ਇਸੇ ਕਰਕੇ ਪੰਜਾਬ ਦੇ ਛੋਟੇ ਵਪਾਰੀ ਵਿਸ਼ੇਸ਼ ਕਰਕੇ ਆੜ੍ਹਤੀਏ ਅਤੇ ਸ਼ੈਲਰ ਮਾਲਕਾਂ ਨੇ ਵੀ ਕਿਸਾਨ ਅੰਦੋਲਨ ਵਿੱਚ ਬਣਦਾ ਸਾਥ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਹੁਣ ਅਕਸਰ ਹੀ ਕਿਸਾਨਾਂ ਨੂੰ ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਵਿਰੁੱਧ ਸਮੇਂ-ਸਮੇਂ 'ਤੇ ਆਵਾਜ਼ ਉਠਾਉਣੀ ਪੈਂਦੀ ਹੈ। ਇੱਥੇ ਆ ਕੇ ਇੱਕ ਕਿਸਮ ਦਾ ਵਿਰੋਧਾਭਾਸ ਜਿਹਾ ਜਾਪਦਾ ਹੈ। ਕਿਸਾਨ ਆਪਣੀ ਫ਼ਸਲ ਨੂੰ ਮੰਡੀ ਵਿੱਚ ਲੈ ਕੇ ਆਉਂਦਾ ਹੈ ਅਤੇ ਮੰਡੀ ਵਿੱਚ ਅੱਗੇ ਉਸ ਦਾ ਆੜ੍ਹਤੀਏ ਨਾਲ ਸਿੱਧਾ ਅਤੇ ਸ਼ੈਲਰ ਮਾਲਕਾਂ ਨਾਲ ਅਸਿੱਧਾ ਵਾਹ ਪੈਂਦਾ ਹੈ। ਇੱਥੇ ਆ ਕੇ ਸ਼ਾਹੂਕਾਰਾ ਉੱਭਰਦਾ ਹੈ ਅਤੇ ਕਿਸਾਨੀ ਵਿਚਾਰਗੀ ਵਿੱਚ ਚਲੀ ਜਾਂਦੀ ਹੈ। ਕਣਕ ਅਤੇ ਝੋਨੇ ਦੀ ਖ਼ਰੀਦ ਭਾਵੇਂ ਸਰਕਾਰ ਨੇ ਕਰਨੀ ਹੁੰਦੀ ਹੈ ਅਤੇ ਇਸ ਵਿੱਚ ਸਰਕਾਰੀ ਖ਼ਰੀਦ ਏਜੰਸੀਆਂ ਦੇ ਕਾਮੇ ਕੰਮ ਕਰਦੇ ਹਨ, ਪਰ ਖੇਤੀ ਕਾਨੂੰਨਾਂ ਵਾਲੀ ਮਦ ਲੁਕਵੇਂ ਰੂਪ ਵਿੱਚ ਇੱਥੇ ਸਾਹਮਣੇ ਆਉਂਦੀ ਜਾਪਦੀ ਹੈ। ਸਰਕਾਰੀ ਏਜੰਸੀਆਂ ਫ਼ਸਲ ਦੀ ਖ਼ਰੀਦ ਕਰਦੀਆਂ ਹਨ, ਪੈਸੇ ਸਰਕਾਰ ਦਿੰਦੀ ਹੈ ਪਰ ਖ਼ਰੀਦੀ ਹੋਈ ਫ਼ਸਲ ਦੀ ਸੰਭਾਲ ਦੀ ਜ਼ਿੰਮੇਵਾਰੀ ਸ਼ੈਲਰ ਮਾਲਕਾਂ ਦੀ ਹੁੰਦੀ ਹੈ ਅਤੇ ਇੱਥੇ ਸ਼ੈਲਰ ਮਾਲਕਾਂ ਦੀ ਕਮਾਈ ਤੇ ਚੌਧਰ ਚਮਕਦੀ ਵੇਖੀ ਜਾ ਸਕਦੀ ਹੈ। ਕਹਿਣ ਨੂੰ ਬਹੁਤ ਸਾਰੀਆਂ ਫ਼ਸਲਾਂ ਤੇ ਐੱਮ ਐੱਸ ਪੀ ਦਿੱਤਾ ਜਾਂਦਾ ਹੈ ਪਰ ਅਸਲ ਵਿੱਚ ਐੱਮ ਐੱਸ ਪੀ ਸਿਰਫ਼ ਕਣਕ ਅਤੇ ਝੋਨੇ 'ਤੇ ਹੀ ਲਾਗੂ ਹੁੰਦੀ ਹੈ, ਉਹ ਵੀ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁੱਝ ਹਿੱਸੇ ਵਿੱਚ। ਇਸੇ ਕਰਕੇ ਐੱਮ ਐੱਸ ਪੀ 'ਤੇ ਝੋਨੇ ਦੀ ਖ਼ਰੀਦ ਨਾ ਕਰਨ ਵਾਲੇ ਸੂਬਿਆਂ ਤੋਂ ਚੋਰੀ ਛਿਪੇ ਝੋਨਾ ਪੰਜਾਬ ਦੀਆਂ ਮੰਡੀਆਂ/ਸ਼ੈਲਰਾਂ ਵਿੱਚ ਆਉਂਦਾ ਹੈ।

ਹਾਲ ਹੀ ਵਿੱਚ ਝੋਨੇ ਦਾ ਸੀਜ਼ਨ ਲੰਘਿਆ ਸੀ। ਇਸ ਸੰਬੰਧੀ ਕੁੱਝ ਦਿੱਕਤਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਬਾਰੇ ਗੱਲ ਕਰਨੀ ਬਣਦੀ ਹੈ। ਦਰਅਸਲ, ਕਣਕ ਅਤੇ ਝੋਨਾ ਮੰਡੀਆਂ ਵਿੱਚ ਆਉਂਦਾ ਹੈ ਅਤੇ ਕੁੱਝ ਸ਼ਰਤਾਂ ਅਧੀਨ ਇਸ ਦੀ ਖ਼ਰੀਦ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਵਿਸ਼ੇਸ਼ ਸ਼ਰਤ ਕਣਕ ਅਤੇ ਝੋਨੇ ਵਿਚਲੀ ਨਮੀ ਦੀ ਮਾਤਰਾ ਦੀ ਹੈ। ਇਹ ਅਜਿਹੀ ਸ਼ਰਤ ਹੈ, ਜਿਸ ਨਾਲ ਕਿਸਾਨ ਨੂੰ ਭੰਬਲਭੂਸੇ ਵਿੱਚ ਵੀ ਨਹੀਂ ਪਾਇਆ ਜਾਂਦਾ ਸਗੋਂ ਇਸ ਨਾਲ ਉਸ ਨੂੰ ਨੀਵਾਂ ਵਿਖਾਉਣ ਦੀ ਵੀ ਕੋਈ ਕਸਰ ਨਹੀਂ ਛੱਡੀ ਜਾਂਦੀ। ਫ਼ਸਲ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਹੋਣ ਦਾ ਸੁਣ ਕੇ ਕਿਸਾਨ ਨੂੰ ਕਈ-ਕਈ ਦਿਨ ਮੰਡੀ ਵਿੱਚ ਰੁਲਣਾ ਪੈਂਦਾ ਹੈ। ਇਸ ਤੋਂ ਵੀ ਅੱਗੇ ਉਸ ਨੂੰ ਕਾਟ ਦੇ ਰੂਪ ਵਿੱਚ ਝੋਨਾ ਅਤੇ ਕਣਕ ਵਧੇਰੇ ਦੇਣੇ ਪੈਂਦੇ ਹਨ। ਇਹ ਨਮੀ ਵੱਖਰੇ-ਵੱਖਰੇ ਯੰਤਰਾਂ ਵਿੱਚ ਵੱਖ-ਵੱਖ ਵੇਖੀ ਜਾਂਦੀ ਹੈ। ਸ਼ੈਲਰਾਂ ਦੇ ਮਾਲਕ (ਵਿਕੀ ਹੋਈ ਕਣਕ ਅਤੇ ਝੋਨੇ ਨੂੰ ਸ਼ੈਲਰਾਂ ਵਿੱਚ ਸਟੋਰ ਕੀਤਾ ਜਾਂਦਾ ਹੈ) ਅਤੇ ਕਰਿੰਦੇ ਮੰਡੀ ਵਿੱਚ ਛੂੰ ਮੰਤਰ ਵਰਗੇ ਜੰਤਰ ਲੈ ਕੇ ਆਉਂਦੇ ਹਨ, ਜੰਤਰ ਵਿੱਚ ਕੁੱਝ ਦਾਣੇ ਪਾਉਂਦੇ ਹਨ ਅਤੇ ਮੂੰਹ ਜਿਹਾ ਮਰੋੜ ਕੇ ਜ਼ਿਆਦਾ ਨਮੀ ਆਖ ਕੇ ਫ਼ਸਲ ਦੀ ਢੇਰੀ ਨੂੰ ਖਿਲਾਰ ਦੇਣ ਦਾ ਹੁਕਮ ਦੇ ਕੇ ਚਲੇ ਜਾਂਦੇ ਹਨ। ਕਿਸਾਨ ਵਿਚਾਰਾ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦਾ ਰਹਿ ਜਾਂਦਾ ਹੈ। ਸਰਕਾਰੀ ਬਿਆਨਾਂ ਅਨੁਸਾਰ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਪਖਾਨੇ, ਬੈਠਣ ਲਈ ਛਾਂ ਵਾਲੀ ਥਾਂ ਅਤੇ ਮੰਜੇ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਪਰ ਹਕੀਕਤ ਇਹ ਨਹੀਂ। ਉਸ ਨੂੰ ਅਨਾਜ ਨਾਲ ਭਰੀਆਂ ਬੋਰੀਆਂ 'ਤੇ ਧੁੱਪ ਬੈਠ ਕੇ ਆਪਣੀ ਫ਼ਸਲ ਦੀ ਰਾਖੀ ਕਰਨੀ ਪੈਂਦੀ ਹੈ। ਫ਼ਸਲ ਦੀ ਰਾਖੀ ਕਰਨੀ ਮੰਡੀਆਂ ਵਿੱਚ ਵੱਡਾ ਕੰਮ ਹੈ। ਵਿਕੇ ਹੋਏ ਅਨਾਜ ਦੀ ਕਈ-ਕਈ ਦਿਨ ਲਿਫਟਿੰਗ ਨਾ ਹੋਣ ਕਰਕੇ ਮੰਡੀਆਂ ਵਿੱਚ ਆਉਣ ਵਾਲੀ ਫ਼ਸਲ ਵਾਸਤੇ ਥਾਂ ਹੀ ਨਹੀਂ ਹੁੰਦੀ ਅਤੇ ਕਿਸਾਨ ਦੇ ਟਰੈਕਟਰ ਇੱਥੇ ਆ ਕੇ ਬੱਝ ਜਾਂਦੇ ਹਨ। ਹਾਕਮ ਧਿਰ ਦਾ ਵਿਧਾਇਕ, ਹਾਕਮ ਪਾਰਟੀ ਦਾ ਹੀ ਹਲਕਾ ਇੰਚਾਰਜ ਜਾਂ ਫਿਰ ਕੋਈ ਅਧਿਕਾਰੀ ਭਲਵਾਨੀ ਗੇੜਾ ਮਾਰ ਕੇ ਵਿਕਰੀ ਦੀ ਸ਼ੁਰੂਆਤ ਕਰਦਾ ਹੋਇਆ ਫੋਟੋ ਖਿਚਵਾਉਂਦਾ ਹੈ। ਵਿਚਾਰਾ ਕਿਸਾਨ ਵਿਚਾਰਗੀ ਵਾਲੇ ਅਹਿਸਾਸਾਂ ਵਿੱਚ ਡੁੱਬਿਆ ਹੋਇਆ ਤਿਲ-ਤਿਲ ਕਰਕੇ ਮਰਦਾ ਵੇਖਿਆ ਜਾ ਸਕਦਾ ਹੈ। ਉਸ ਨੂੰ ਮੰਡੀ ਵਿੱਚ ਅਜਿਹੀ ਥਾਂ 'ਤੇ ਸਮਾਂ ਪੂਰਾ ਕਰਨਾ ਪੈਂਦਾ ਹੈ, ਜਿਹੜਾ ਰਹਿਣ ਵਾਲੀਆਂ ਥਾਵਾਂ ਵਿੱਚ ਗਿਣਿਆ ਹੀ ਨਹੀਂ ਜਾ ਸਕਦਾ। ਖੇਤ ਵਿੱਚ ਖੜ੍ਹੀ ਫ਼ਸਲ ਨੂੰ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੀਂਹ, ਹਨੇਰੀ, ਗੜੇਮਾਰੀ ਆਦਿ ਤਾਂ ਕੁਦਰਤ ਦਾ ਵਰਤਾਰਾ ਹੈ ਪਰ ਕਿਸਾਨ ਨਾਕਾਫ਼ੀ ਪ੍ਰਬੰਧਾਂ ਕਾਰਨ ਮੰਡੀਆਂ ਵਿੱਚ ਰੁਲਣ ਲਈ ਮਜ਼ਬੂਰ ਹੁੰਦਾ ਹੈ। ਇੱਥੇ ਆ ਕੇ ਕਿਸਾਨ ਬੇਵੱਸ ਅਤੇ ਹਤਾਸ਼ ਹੋ ਜਾਂਦਾ ਹੈ, ਪਰ ਮਨੁੱਖਾਂ ਅਤੇ ਵਿਸ਼ੇਸ਼ ਕਰਕੇ 'ਲੋਕਾਂ ਦੁਆਰਾ, ਲੋਕਾਂ ਵਾਸਤੇ ਅਤੇ ਲੋਕਾਂ ਨੂੰ ਜਵਾਬਦੇਹ' ਸਰਕਾਰਾਂ ਦੁਆਰਾ ਹੀ ਜਦੋਂ ਕਿਸਾਨਾਂ ਪ੍ਰਤੀ ਅਜਿਹਾ ਵਤੀਰਾ ਅਪਣਾਇਆ ਜਾਂਦਾ ਹੈ ਤਾਂ ਉੱਤਮ ਖੇਤੀ ਵਾਲਾ ਵਾਕੰਸ਼ ਝੂਠਾ-ਝੂਠਾ ਜਾਪਣ ਲੱਗਦਾ ਹੈ। ਜਿਸ ਕਿਸਾਨ ਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਫ਼ਸਲ ਦਾ ਪਾਲਣ ਪੋਸ਼ਣ ਕੀਤਾ ਹੁੰਦਾ ਹੈ ਅਤੇ ਫਿਰ ਬੜੇ ਚਾਵਾਂ ਨਾਲ ਇਹ ਪੈਦਾਵਾਰ ਮੰਡੀ ਵਿੱਚ ਲਿਆਂਦੀ ਹੁੰਦੀ ਹੈ, ਉਹ ਇੱਥੇ ਆ ਕੇ ਆਪਣਿਆਂ ਹੱਥੋਂ ਹੀ ਠੱਗਿਆ ਮਹਿਸੂਸ ਕਰਦਾ ਹੈ। ਫ਼ਸਲ ਦੀ ਖ਼ਰੀਦ ਵੇਲੇ ਜਿਵੇਂ ਕਿਸਾਨ 'ਤੇ ਅਹਿਸਾਨ ਕੀਤਾ ਜਾਂਦਾ ਹੈ। ਉਸ ਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਖੇਤੀ ਉੱਤਮ ਨਹੀਂ ਹੈ। ਖੇਤੀ ਨਾਲੋਂ ਕਿਤੇ ਜ਼ਿਆਦਾ ਉੱਤਮ ਤਾਂ ਦੂਸਰੇ ਕਾਰਜ ਹਨ। ਪੰਜਾਬ ਵਰਗਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ ਅਤੇ ਇੱਥੋਂ ਦੇ ਆਗੂਆਂ ਦਾ ਪਿਛੋਕੜ ਵੀ ਤਕਰੀਬਨ ਖੇਤੀ ਦਾ ਕਾਰਜ ਕਰਨ ਵਾਲੇ ਪਰਿਵਾਰ ਦਾ ਹੀ ਹੁੰਦਾ ਹੈ, ਪਰ ਫਿਰ ਵੀ ਮੰਡੀਆਂ ਵਿੱਚ ਕਿਸਾਨਾਂ ਨੂੰ ਰੁਲਣ ਤੋਂ ਬਚਾਉਣ ਲਈ ਕਾਰਗਰ ਉਪਾਅ ਨਹੀਂ ਕੀਤੇ ਜਾਂਦੇ। ਜ਼ਿਕਰਯੋਗ ਹੈ ਕਿ ਜ਼ਮੀਨ ਦਾ ਮਾਲਕ ਕਿਸਾਨ ਫ਼ਸਲ ਦੇ ਪੈਦਾ ਕਰਨ ਤੱਕ ਸਰਦਾਰ ਹੁੰਦਾ ਹੈ, ਪਰ ਮੰਡੀ ਵਿੱਚ ਆ ਕੇ ਉਹ ਵਿਚਾਰਾ ਬਣ ਜਾਂਦਾ ਹੈ। ਕੀ ਇਸ ਕਾਰਵਾਈ ਨੂੰ ਰੋਕਿਆ ਨਹੀਂ ਜਾ ਸਕਦਾ ? ਲੋੜ ਮੰਡੀਆਂ ਵਿੱਚ ਫ਼ਸਲ ਦੀ ਖ਼ਰੀਦ ਸੁਚਾਰੂ ਰੂਪ ਵਿੱਚ ਕੀਤੇ ਜਾਣ ਦੀ ਹੈ।



### ਮਸ਼ੀਨੀਕਰਨ ਕਾਰਨ ਕਿਸਾਨ ਦੀ ਹੈਸੀਅਤ ਦੇ ਪ੍ਰਤੀਕ ਰਹੇ 'ਗੱਡੇ' ਮੇਲਿਆਂ ਤੱਕ ਸੀਮਤ ਹੋਏ

# ਅੱਜ ਦੀ ਨੌਜਵਾਨ ਪੀੜ੍ਹੀ ਗੱਡਿਆਂ ਦੀ ਅਹਿਮੀਅਤ ਤੋਂ ਅਣਜਾਣ

ਪੰਜਾਬ ਦੀ ਰਵਾਇਤੀ ਵਿਰਾਸਤ ਵਿੱਚ ਬੱਲਦਾਂ ਨਾਲ ਚਲਦੇ ਗੱਡੇ ਇੱਕ ਸਮੇਂ ਕਿਸਾਨ ਦੀ ਹੈਸੀਅਤ, ਮਿਹਨਤ ਅਤੇ ਘਰ ਦੀ ਤਾਕਤ ਦਾ ਪ੍ਰਤੀਕ ਮੰਨੇ ਜਾਂਦੇ ਸਨ ਪਰ ਮਸ਼ੀਨੀਕਰਨ ਦੀ ਤੇਜ਼ ਰਫ਼ਤਾਰ ਨੇ ਜਿੱਥੇ ਪਿੰਡਾਂ ਦੀ ਜੀਵਨ-ਸ਼ੈਲੀ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ, ਉੱਥੇ ਹੀ ਨੌਜਵਾਨ ਪੀੜ੍ਹੀ ਇੱਕ ਗੱਡੇ ਦੀ ਅਸਲ ਅਹਿਮੀਅਤ ਤੋਂ ਲਗਭਗ ਬੇਖ਼ਬਰ ਹੈ। ਅੱਜ ਇਹ ਗੱਡੇ ਜਿਨ੍ਹਾਂ ਨੇ ਕਦੇ ਪਿੰਡ ਦੀ ਰੋਜ਼ਾਨਾ ਜ਼ਿੰਦਗੀ ਦਾ ਭਾਰ ਚੁੱਕਿਆ ਸੀ, ਉਹ ਮੇਲਿਆਂ ਦੇ ਸ਼ਿੰਗਾਰ ਅਤੇ ਮਿਊਜ਼ੀਅਮਾਂ ਦੀਆਂ ਚੀਜ਼ਾਂ ਬਣ ਕੇ ਰਹਿ ਗਏ ਹਨ। ਭਾਰਤ ਦੀ ਸਾਲ 1961 ਤੇ 1971 ਦੀ ਪਸ਼ੂ-ਧਨ ਮਰਦਮਸ਼ੁਮਾਰੀ ਮੁਤਾਬਿਕ, ਉਸ ਸਮੇਂ ਪੰਜਾਬ ਵਿੱਚ ਬੱਲਦਾਂ ਦੀ ਗਿਣਤੀ 11 ਲੱਖ ਤੋਂ ਵੱਧ ਦਰਜ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਵੱਡਾ ਹਿੱਸਾ ਖੇਤੀਬਾੜੀ ਦੇ ਕੰਮਾਂ, ਬੋਝ ਢੋਣ ਅਤੇ ਗੱਡੇ ਖਿੱਚਣ ਲਈ ਵਰਤਿਆ ਜਾਂਦਾ ਸੀ। ਸਾਲ 1970-80 ਦੇ ਦਹਾਕੇ ਤੱਕ ਹਰ ਪਿੰਡ ਵਿੱਚ ਬੱਲਦ-ਗੱਡੇ ਆਮ ਯਾਤਰਾ ਦਾ ਸਾਧਨ ਸਨ ਅਤੇ ਕਿਸਾਨੀ ਘਰ ਦੀ ਰੋਜ਼ਾਨਾ ਲੋੜ ਦਾ ਅਹਿਮ ਹਿੱਸਾ ਬਣੇ ਰਹਿੰਦੇ ਸਨ। ਹਰੀ ਕ੍ਰਾਂਤੀ ਤੋਂ ਬਾਅਦ ਤਸਵੀਰ ਵੱਡੇ ਪੱਧਰ 'ਤੇ ਬਦਲੀ। ਅਧਿਕਾਰਤ ਅੰਕੜੇ ਦਰਸਾਉਂਦੇ ਹਨ ਕਿ ਸਾਲ 1980 ਤੋਂ 1995 ਦੇ ਦਰਮਿਆਨ ਟਰੈਕਟਰਾਂ ਦੀ ਗਿਣਤੀ 30 ਹਜ਼ਾਰ ਤੋਂ ਵੱਧ ਕੇ 2.5 ਲੱਖ ਤੱਕ ਪਹੁੰਚ ਗਈ। ਮਕੈਨਾਈਜ਼ੇਸ਼ਨ ਦੇ ਇਸ ਵਧੇ ਨਾਲ ਬੱਲਦਾਂ ਦੀ ਲੋੜ ਘੱਟਦੀ ਗਈ ਅਤੇ ਸਾਲ 2003 ਦੀ ਪਸ਼ੂ-ਧਨ ਮਰਦਮਸ਼ੁਮਾਰੀ ਵਿੱਚ ਮਿਹਨਤੀ ਬੱਲਦਾਂ ਦੀ ਗਿਣਤੀ ਵਿੱਚ 70 ਫ਼ੀਸਦੀ ਤੱਕ ਕਮੀ ਹੋ ਗਈ। ਸਾਲ 2019 ਦੀ ਪਸ਼ੂ-ਧਨ ਮਰਦਮਸ਼ੁਮਾਰੀ ਵਿੱਚ ਦਰਸਾਏ ਬੱਲਦ ਵੀ ਮੁੱਖ ਤੌਰ 'ਤੇ ਸਜਾਵਟੀ ਜਾਂ ਰਵਾਇਤੀ ਪਾਲਣ ਸ਼੍ਰੇਣੀ ਵਿੱਚ ਹਨ- ਖੇਤੀਬਾੜੀ ਵਿੱਚ ਵਰਤੋਂ ਲਗਭਗ ਨਾਂਹ ਦੇ ਬਰਾਬਰ ਹੈ। ਪੰਜਾਬ ਦੇ ਆਰਥਿਕ ਸਰਵੇਖਣ ਸਾਲ 2022-23 ਅਨੁਸਾਰ ਖੇਤੀਬਾੜੀ ਵਿੱਚ ਮਕੈਨਾਈਜ਼ੇਸ਼ਨ ਦੀ ਦਰ 95 ਫ਼ੀਸਦੀ ਤੋਂ ਉੱਪਰ ਹੋ ਗਈ ਹੈ, ਜਿਸ ਕਰਕੇ ਰਵਾਇਤੀ ਗੱਡੇ ਆਮ ਵਰਤੋਂ ਤੋਂ ਤਕਰੀਬਨ ਗਾਇਬ ਹੋ ਗਏ ਹਨ। ਇਸ ਵੇਲੇ ਬੱਲਦ-ਗੱਡੇ ਸੱਭਿਆਚਾਰਕ ਮੇਲਿਆਂ, ਵਿਰਾਸਤੀ ਪ੍ਰਦਰਸ਼ਨਾਂ ਅਤੇ ਮਿਊਜ਼ੀਅਮਾਂ ਵਿੱਚ ਨਮੂਨਿਆਂ ਵਜੋਂ ਰੱਖੇ ਗਏ ਹਨ। ਜਿੱਥੇ ਕਦੇ ਇਹ ਗੱਡੇ ਕਿਸਾਨ ਦੇ ਘਰ-ਘਰ ਦੀ ਲੋੜ ਸਨ, ਅੱਜ ਨੌਜਵਾਨ ਪੀੜ੍ਹੀ ਨੂੰ ਇਹ ਸਿਰਫ਼ ਫੋਟੋ ਖਿੱਚਣ ਦੇ ਸਥਾਨ ਵਾਂਗ ਹੀ ਨਜ਼ਰ ਆਉਂਦੇ ਹਨ।



# ਬਹੁ-ਪੱਖੀ ਖੁਰਾਕੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਭਾਰਤ

**ਇੱਕ ਪਾਸੇ ਦੇਸ਼ ਦੀ 20 ਫ਼ੀਸਦੀ ਵੱਸੋਂ ਪੌਸ਼ਟਿਕ ਅਨਾਜ ਦੀ ਕਮੀ ਕਾਰਨ ਭੁੱਖਮਰੀ ਤੇ ਬਿਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ, ਦੂਸਰੇ ਪਾਸੇ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਦੀ ਵੈਸਟ ਇੰਡੈਕਸ ਰਿਪੋਰਟ 2024 ਦੇ ਅਨੁਸਾਰ ਭਾਰਤ, ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਅਨਾਜ ਬਰਬਾਦ ਕਰਨ ਵਾਲਾ ਦੇਸ਼ ਹੈ, ਜਿੱਥੇ ਸਾਲਾਨਾ 7.81 ਕਰੋੜ ਟਨ ਅਨਾਜ ਦੀ ਬਰਬਾਦੀ ਹੋ ਰਹੀ ਹੈ, ਜਿਸ ਦੀ ਕੀਮਤ 92,000 ਕਰੋੜ ਰੁਪਏ ਹੈ। ਭਾਰਤ ਵਿੱਚ ਖਪਤਕਾਰਾਂ ਤੱਕ ਪਹੁੰਚਣ ਵਾਲੇ ਭੋਜਨ ਦਾ 20 ਫ਼ੀਸਦੀ ਅਰਥਾਤ 5ਵਾਂ ਹਿੱਸਾ ਵਿਅਰਥ ਹੋ ਕੇ ਕੂੜੇਦਾਨ ਵਿੱਚ ਚਲੇ ਜਾਂਦਾ ਹੈ। ਇਸ ਤੋਂ ਇਲਾਵਾ ਤਕਰੀਬਨ 35-40 ਫ਼ੀਸਦੀ ਖੇਤੀ ਉਤਪਾਦਨ ਖਪਤਕਾਰਾਂ ਕੋਲ ਪਹੁੰਚਣ ਤੋਂ ਪਹਿਲਾਂ ਹੀ ਨਸ਼ਟ ਹੋ ਜਾਂਦਾ ਹੈ।**



ਡਾ. ਮਨਪ੍ਰੀਤ ਕੌਰ
ਸਹਾਇਕ ਪ੍ਰੋਫੈਸਰ, ਅਰਥਸ਼ਾਸਤਰ,
ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ
(ਮੋ. 97791-41063)

ਭੋਜਨ ਮਨੁੱਖੀ ਜੀਵਨ ਦਾ ਮਹੱਤਵਪੂਰਨ ਆਧਾਰ ਹੈ, ਚੰਗੀ ਸਿਹਤ ਤੇਖੁਸ਼ਹਾਲ ਜੀਵਨ ਲਈ ਪੌਸ਼ਟਿਕ ਜੀਵਨ ਬਹੁਤ ਜ਼ਰੂਰੀ ਹੈ। ਭਾਰਤ ਵਿੱਚ ਅਬਾਦੀ ਦੇ ਤੇਜ਼ ਵਾਧੇ ਕਾਰਨ ਗਰੀਬੀ ਤੇ ਬੇਰੁਜ਼ਗਾਰੀ ਵਰਗੀਆਂ ਆਰਥਿਕ ਸਮੱਸਿਆਵਾਂ ਨੇ ਦੇਸ਼ ਵਿਚਲੇ ਖੁਰਾਕੀ ਸੰਕਟ ਨੂੰ ਬਹੁਤ ਹੀ



ਗੰਭੀਰ ਤੇ ਭਿਆਨਕ ਬਣਾ ਦਿੱਤਾ ਹੈ। ਭਾਰਤ ਦੀ ਅੰਨ ਸਮੱਸਿਆ ਕਈ ਪੱਖਾਂ ਤੋਂ ਦੇਖਣ ਨੂੰ ਮਿਲਦੀ ਹੈ। ਇੱਕ ਪਾਸੇ ਆਬਾਦੀ ਦੇ ਵੱਡੇ ਤਬਕੇ ਨੂੰ ਖਾਣ ਲਈ ਲੋੜੀਂਦਾ ਭੋਜਨ ਨਹੀਂ ਮਿਲਦਾ ਤੇ ਦੂਸਰੇ ਪਾਸੇ ਦੇਸ਼ ਅੰਨ ਦੀ ਬਰਬਾਦੀ ਤੇ ਖਾਧ ਪਦਾਰਥਾਂ ਵਿੱਚ ਮਿਲਾਵਟ ਕਰਨ ਦੇ ਮਾਮਲੇ ਵਿੱਚ ਸੰਸਾਰ ਵਿੱਚ ਸਭ ਤੋਂ ਮੋਹਰੀ ਹੈ। ਭਾਰਤ ਖੁਰਾਕ ਅਸੁਰੱਖਿਆ, ਅਨਾਜ ਦੀ ਬਰਬਾਦੀ ਤੇ ਖੁਰਾਕੀ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਵਰਗੀਆਂ 3 ਮੁੱਖ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

**ਖੁਰਾਕ ਅਸੁਰੱਖਿਆ**

ਵਿਸ਼ਵ ਦੀ ਚੌਥੀ ਵੱਡੀ ਅਰਥਵਿਵਸਥਾ ਦਾ ਦਾਅਵਾ ਕਰਨ ਵਾਲਾ ਭਾਰਤ 2047 ਤੱਕ ਵਿਕਸਿਤ ਦੇਸ਼ ਬਣਨ ਦਾ ਸੁਪਨਾ ਵੇਖ ਰਿਹਾ ਹੈ ਜੋ 'ਗਲੋਬਲ ਹੰਗਰ ਇੰਡੈਕਸ 2025' ਅਰਥਾਤ ਵਿਸ਼ਵ ਭੁੱਖਮਰੀ ਸੂਚੀ ਦੇ ਅਨੁਸਾਰ ਵਿਸ਼ਵ ਦੇ 123 ਦੇਸ਼ਾਂ ਵਿੱਚੋਂ 102ਵੇਂ ਨੰਬਰ 'ਤੇ ਹੈ ਅਤੇ ਉਸ ਦਾ ਗਲੋਬਲ ਹੰਗਰ ਇੰਡੈਕਸ ਅੰਕ 25.8 ਹੈ। ਭਾਰਤ ਵਿੱਚ ਭੁੱਖਮਰੀ ਦਾ ਪੱਧਰ ਬਹੁਤ ਗੰਭੀਰ ਹੈ, ਜਿੱਥੇ ਭੁੱਖਮਰੀ ਦਾ ਸ਼ਿਕਾਰ ਜ਼ਿਆਦਾਤਰ ਬੱਚੇ ਹਨ। ਸਿੱਟੇ ਵਜੋਂ 33 ਫ਼ੀਸਦੀ ਬੱਚਿਆਂ ਦੇ ਕੱਦ ਉਮਰ ਦੇ ਹਿਸਾਬ ਨਾਲ ਘੱਟ ਹਨ, ਜਦਕਿ 18.7 ਫ਼ੀਸਦੀ ਬੱਚਿਆਂ ਦਾ ਭਾਰ ਕੱਦ ਦੇ ਹਿਸਾਬ ਨਾਲ ਘੱਟ ਹੈ। ਦੇਸ਼ ਦੀ 12 ਫ਼ੀਸਦੀ ਵੱਸੋਂ ਕੁਪੋਸ਼ਣ ਦਾ ਸ਼ਿਕਾਰ ਹੈ, ਕੁਪੋਸ਼ਣ ਕਾਰਨ ਦੇਸ਼ ਦੇ 2.8 ਫ਼ੀਸਦੀ ਬੱਚੇ 5 ਸਾਲ ਤੋਂ ਪਹਿਲਾਂ ਹੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਭਾਵੇਂ ਸਰਕਾਰ 80 ਕਰੋੜ ਤੋਂ ਵੱਧ ਅਬਾਦੀ ਨੂੰ ਮੁਫ਼ਤ ਤੇ ਸਬਸਿਡੀ ਉੱਪਰ ਰਾਸ਼ਨ ਮੁਹੱਈਆ ਕਰਵਾਉਂਦੀ ਹੈ,



ਫਿਰ ਵੀ 20 ਕਰੋੜ ਆਬਾਦੀ ਖੁਰਾਕੀ ਪੱਧਰ ਤੋਂ ਅਸੁਰੱਖਿਅਤ ਹੈ। ਦੇਸ਼ ਦੇ 5 ਵਿਅਕਤੀਆਂ ਪਿੱਛੇ ਇੱਕ ਵਿਅਕਤੀ ਲੋੜੀਂਦੇ ਪੌਸ਼ਟਿਕ ਭੋਜਨ ਦੀ ਅਣਹੋਂਦ ਕਾਰਨ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। 5ਵੇਂ ਨੈਸ਼ਨਲ ਫੈਮਿਲੀ ਹੈਲਥ ਸਰਵੇ-2019-2021 ਅਨੁਸਾਰ ਦੇਸ਼ ਵਿੱਚ 57 ਫ਼ੀਸਦੀ ਗਰਭਵਤੀ ਔਰਤਾਂ ਖੂਨ ਦੀ ਕਮੀ ਤੋਂ ਪੀੜਤ ਹਨ।

**ਅੰਨ ਦੀ ਬਰਬਾਦੀ**

ਇੱਕ ਪਾਸੇ ਦੇਸ਼ ਦੀ 20 ਫ਼ੀਸਦੀ ਵੱਸੋਂ ਪੌਸ਼ਟਿਕ ਅਨਾਜ ਦੀ ਕਮੀ ਕਾਰਨ ਭੁੱਖਮਰੀ ਤੇ ਬਿਮਾਰੀਆਂ ਦਾ ਸ਼ਿਕਾਰ ਹੋ ਰਹੀ ਹੈ, ਦੂਸਰੇ ਪਾਸੇ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਦੀ ਵੈਸਟ ਇੰਡੈਕਸ ਰਿਪੋਰਟ 2024 ਦੇ ਅਨੁਸਾਰ ਭਾਰਤ, ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਅਨਾਜ ਬਰਬਾਦ ਕਰਨ ਵਾਲਾ ਦੇਸ਼ ਹੈ, ਜਿੱਥੇ ਸਾਲਾਨਾ 7.81 ਕਰੋੜ ਟਨ ਅਨਾਜ ਦੀ ਬਰਬਾਦੀ ਹੋ ਰਹੀ ਹੈ, ਜਿਸ ਦੀ ਕੀਮਤ 92,000 ਕਰੋੜ ਰੁਪਏ ਹੈ। ਭਾਰਤ ਵਿੱਚ ਖਪਤਕਾਰਾਂ ਤੱਕ ਪਹੁੰਚਣ ਵਾਲੇ ਭੋਜਨ ਦਾ 20 ਫ਼ੀਸਦੀ ਅਰਥਾਤ 5ਵਾਂ ਹਿੱਸਾ ਵਿਅਰਥ ਹੋ ਕੇ ਕੂੜੇਦਾਨ ਵਿੱਚ ਚਲੇ ਜਾਂਦਾ ਹੈ। ਇਸ ਤੋਂ ਇਲਾਵਾ ਤਕਰੀਬਨ 35-40 ਫ਼ੀਸਦੀ ਖੇਤੀ ਉਤਪਾਦਨ ਖਪਤਕਾਰਾਂ ਕੋਲ ਪਹੁੰਚਣ ਤੋਂ ਪਹਿਲਾਂ ਹੀ ਨਸ਼ਟ ਹੋ ਜਾਂਦਾ ਹੈ। ਜੇਕਰ ਹਰ ਪੱਧਰ 'ਤੇ ਦੇਖਿਆ ਜਾਵੇ ਤਾਂ 60 ਫ਼ੀਸਦੀ ਅੰਨ ਘਰੇਲੂ ਪੱਧਰ 'ਤੇ 28 ਫ਼ੀਸਦੀ ਭੋਜਨ ਸੇਵਾਵਾਂ ਵਾਲੇ ਪੱਧਰ 'ਤੇ ਅਤੇ 12 ਫ਼ੀਸਦੀ ਰਿਟੇਲ ਆਊਟਲੈੱਟ ਪੱਧਰ 'ਤੇ ਬਰਬਾਦ ਕੀਤਾ ਜਾਂਦਾ ਹੈ। ਭਾਰਤ ਵਿੱਚ ਖੁਰਾਕੀ ਬਰਬਾਦੀ ਦਾ ਸਭ ਤੋਂ ਵੱਡਾ ਕਾਰਨ ਲੋੜ ਤੋਂ ਵੱਧ ਭੋਜਨ ਪਕਵਾਨ ਬਣਾਉਣਾ ਹੈ। ਲੋਕ ਆਪਣੀ ਹੈਸੀਅਤ ਅਤੇ ਸ਼ਾਨੋ-ਸ਼ੌਕਤ ਨੂੰ ਦਿਖਾਉਣ ਲਈ ਵਿਆਹਾਂ, ਤਿਉਹਾਰਾਂ ਤੇ ਹੋਰ ਪ੍ਰੋਗਰਾਮਾਂ ਸਮੇਂ ਵੱਖ-ਵੱਖ ਪਕਵਾਨ ਲੋੜ ਤੋਂ ਵੱਧ ਮਾਤਰਾ ਵਿੱਚ ਤਿਆਰ ਕਰਵਾਉਂਦੇ ਹਨ ਅਤੇ ਪ੍ਰੋਗਰਾਮਾਂ ਤੋਂ ਬਾਅਦ ਬੇਲੋੜੇ ਭੋਜਨ ਨੂੰ ਅਜਾਈਂ ਸੁੱਟ ਦਿੱਤਾ ਜਾਂਦਾ ਹੈ। ਗਰੀਬ ਤੇ ਅਵਿਕਸਿਤ ਦੇਸ਼ਾਂ ਵਿੱਚ ਇਸ ਸਮੱਸਿਆ ਦਾ ਦੂਜਾ ਵੱਡਾ ਕਾਰਨ ਉਤਪਾਦਨ ਤੋਂ ਖਪਤਕਾਰ ਤੱਕ ਦੀ ਵੰਡ ਲੜੀ ਵਿੱਚ ਨਿਪੁੰਨਤਾ ਦੀ ਘਾਟ ਹੈ, ਜਿਸ ਕਾਰਨ ਭੋਜਨ ਦਾ ਇੱਕ ਵੱਡਾ ਹਿੱਸਾ ਭੋਜਨ ਦੀ ਪੈਕਿੰਗ, ਸਾਭ-ਸੰਭਾਲ, ਆਵਾਜਾਈ, ਭੰਡਾਰਨ (ਸਟੋਰੇਜ) ਅਤੇ ਵੰਡ ਦੌਰਾਨ ਖਰਾਬ ਹੋ ਜਾਂਦਾ ਹੈ। ਇਹ ਸਿਰਫ਼ ਅਨਾਜ ਦੀ ਬਰਬਾਦੀ ਨਹੀਂ ਸਗੋਂ ਅਨਾਜ ਪੈਦਾ ਕਰਨ ਲਈ ਵਰਤੇ ਜਾਣ ਵਾਲੇ ਬੀਜ, ਖਾਦ, ਪਾਣੀ, ਮਜ਼ਦੂਰੀ, ਊਰਜਾ, ਆਵਾਜਾਈ ਸਾਧਨਾਂ ਆਦਿ ਸਭ ਦੀ ਬਰਬਾਦੀ ਹੈ।

**ਖੁਰਾਕੀ ਪਦਾਰਥਾਂ ਵਿੱਚ ਮਿਲਾਵਟ**

ਖੇਤੀ ਪ੍ਰਧਾਨ ਦੇਸ਼ ਹੋਣ ਦੇ ਕਾਰਨ ਭਾਰਤ ਅਨੇਕਾਂ ਖਾਧ ਪਦਾਰਥਾਂ- ਦੁੱਧ, ਦਾਲਾਂ, ਪਟਸਨ, ਕਣਕ, ਚੌਲ, ਗੰਨਾ, ਮੂੰਗਫਲੀ, ਫਲ, ਸਬਜ਼ੀਆਂ, ਮਸਾਲਿਆਂ, ਪੋਲਟਰੀ, ਮੱਛੀ ਤੇ ਪਸ਼ੂ ਪਾਲਣ ਆਦਿ ਵਿੱਚ ਦੁਨੀਆ ਭਰ ਵਿੱਚ ਮੁਹਰਲਾ ਸਥਾਨ ਰੱਖਦਾ ਹੈ। ਫਿਰ ਵੀ ਦੇਸ਼ ਵਿੱਚ ਖੁਰਾਕ ਪਦਾਰਥਾਂ ਵਿੱਚ ਮਿਲਾਵਟ ਦੀ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ



ਦੁੱਧ ਤੇ ਦੁੱਧ ਤੋਂ ਬਣੇ ਪਦਾਰਥਾਂ ਦਾ ਚੌਥੇ ਤੋਂ ਪੰਜਵਾਂ ਹਿੱਸਾ ਸੈਂਪਲ ਫੇਲ੍ਹ ਹੋਣ ਕਾਰਨ ਮਿਲਾਵਟ ਖਪਤਕਾਰ ਵਰਗ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਦੁੱਧ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਸਿੰਥੈਟਿਕ ਦੁੱਧ ਦਾ ਉਤਪਾਦਨ ਡੇਅਰੀ ਕਿਸਾਨਾਂ ਦੀ ਆਮਦਨ ਤੇ ਰੁਜ਼ਗਾਰ 'ਤੇ ਵੱਡੀ ਸੱਟ ਮਾਰਦਾ ਹੈ। ਤਿਉਹਾਰਾਂ ਦੌਰਾਨ ਬਣਨ ਵਾਲੀਆਂ ਮਠਿਆਈਆਂ ਵਿੱਚ ਵੀ ਸਭ ਤੋਂ ਵੱਧ ਮਿਲਾਵਟ ਪਾਈ ਜਾਂਦੀ ਹੈ। ਫਲਾਂ ਤੇ ਸਬਜ਼ੀਆਂ ਉੱਪਰ ਖਤਰਨਾਕ ਖਾਦਾਂ ਤੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ ਜਾਂਦਾ ਹੈ। ਭਾਰਤ ਵਿੱਚ ਹਰ ਪ੍ਰਕਾਰ ਦਾ ਨਮਕ ਤੇ ਚੀਨੀ ਦੇ ਸੈਂਪਲਾਂ ਵਿੱਚ 0.1 ਐੱਮ.ਐੱਮ. ਤੋਂ 0.5 ਐੱਮ.ਐੱਮ. ਤੱਕ ਮਾਈਕ੍ਰੋਪਲਾਸਟਿਕ ਪਾਈ ਗਈ ਹੈ, ਜੋ ਬਹੁਤ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਭਾਰਤ ਪੁਰਾਤਨ ਸਮੇਂ ਤੋਂ ਮਿਰਚ-ਮਸਾਲਿਆਂ ਦੇ ਉਤਪਾਦਨ ਵਿੱਚ ਮੋਹਰੀ ਰਿਹਾ ਹੈ ਅਤੇ ਮਸਾਲਿਆਂ ਦੇ ਕੁੱਲ ਅੰਤਰਰਾਸ਼ਟਰੀ ਵਪਾਰ ਵਿੱਚ 20 ਫ਼ੀਸਦੀ ਯੋਗਦਾਨ ਪਾ ਕੇ 4 ਅਰਬ ਅਮਰੀਕੀ ਡਾਲਰ ਕਮਾਉਂਦਾ ਸੀ, ਪਰ ਪਿਛਲੇ ਸਾਲ ਹਾਂਗਕਾਂਗ, ਸਿੰਗਾਪੁਰ, ਯੂਰਪੀ ਸੰਘ ਨੇ ਭਾਰਤੀ ਮਸਾਲਿਆਂ ਦੇ ਉੱਘੇ ਬ੍ਰਾਂਡਾਂ ਵਿੱਚ ਈਥਾਲੀਨ ਆਕਸਾਈਡ ਦੀ ਵਧੇਰੇ ਮਾਤਰਾ ਕਾਰਨ ਇਨ੍ਹਾਂ ਦੇ ਆਯਾਤ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਅਮਰੀਕਾ ਤੇ ਆਸਟ੍ਰੇਲੀਆ ਨੇ ਭਾਰਤੀ ਮਸਾਲਿਆਂ ਨੂੰ ਨਿਗਰਾਨੀ ਸੂਚੀ ਵਿੱਚ ਪਾ ਦਿੱਤਾ ਹੈ।

ਭਾਰਤ ਬਹੁਪੱਖੀ ਖੁਰਾਕੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਇੱਕ ਪਾਸੇ 20 ਫ਼ੀਸਦੀ ਵੱਸੋਂ ਅਨਾਜ ਦੀ ਕਮੀ ਨਾਲ ਜੂਝ ਰਹੀ ਹੈ ਤਾਂ ਦੂਜੇ ਪਾਸੇ ਭਾਰਤੀ ਖਪਤਕਾਰ 20 ਫ਼ੀਸਦੀ ਭੋਜਨ ਪੂਰਨ ਤੌਰ 'ਤੇ ਬਰਬਾਦ ਕਰ ਦਿੰਦੇ ਹਨ। ਜੇਕਰ ਅੰਨ ਦੀ ਬਰਬਾਦੀ ਨੂੰ ਸਭ ਤੋਂ ਪਹਿਲਾਂ ਘਰੇਲੂ ਪੱਧਰ 'ਤੇ ਹੀ ਕੰਟਰੋਲ ਕਰ ਲਿਆ ਜਾਵੇ ਤਾਂ ਕਾਫ਼ੀ ਹੱਦ ਤੱਕ ਅੰਨ ਅਸੁਰੱਖਿਆ ਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਮੈਰਿਜ ਪੈਲੇਸ, ਹੋਟਲ ਤੇ ਰੈਸਟੋਰੈਂਟ ਅੰਨ ਦੀ ਬਰਬਾਦੀ ਨੂੰ ਰੋਕਣ ਵਿੱਚ ਸਹਾਈ ਹੋ ਸਕਦੇ ਹਨ। ਅੰਨ ਭੰਡਾਰਨ ਲਈ ਕੋਲਡ ਸਟੋਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਭਾਵੇਂ ਇਸ ਦਾ ਜ਼ਿਆਦਾ ਫਾਇਦਾ ਕਿਸਾਨਾਂ ਦੀ ਬਜਾਏ ਵਪਾਰੀ ਵਰਗ ਉਠਾ ਰਿਹਾ ਹੈ। ਖੁਰਾਕ ਪਦਾਰਥਾਂ ਵਿੱਚ ਹੋ ਰਹੀ ਮਿਲਾਵਟ ਨੂੰ ਰੋਕਣ ਲਈ ਸਰਕਾਰ, ਪ੍ਰਸ਼ਾਸਨ, ਸਿਹਤ ਵਿਭਾਗ, ਫੂਡ ਸੇਫਟੀ ਤੇ ਸਟੈਂਡਰਡਜ਼ ਅਥਾਰਿਟੀ ਆਫ ਇੰਡੀਆ ਆਦਿ ਸਭ ਨੂੰ ਉਚੇਚੇ ਤੌਰ 'ਤੇ ਯਤਨ ਕਰਨੇ ਚਾਹੀਦੇ ਹਨ। ਖੁਰਾਕ ਪਦਾਰਥਾਂ ਵਿੱਚ ਮਿਲਾਵਟ ਇੱਕ ਵੱਡਾ ਅਪਰਾਧ ਹੈ, ਪਰ ਭਾਰਤੀ ਕਾਨੂੰਨ ਅਤੇ ਨਿਆਂ ਪ੍ਰਣਾਲੀ ਅਨੁਸਾਰ ਇਸ ਅਪਰਾਧ ਦੀ ਸਜ਼ਾ ਬਹੁਤ ਘੱਟ ਹੈ। ਮਿਲਾਵਟ ਦੇ ਅਪਰਾਧ ਲਈ ਪਹਿਲਾਂ ਸਜ਼ਾ 6 ਮਹੀਨੇ ਦੀ ਕੈਦ ਜਾਂ 1000 ਰੁਪਏ ਤੱਕ ਦਾ ਜ਼ੁਰਮਾਨਾ ਸੀ। ਇੰਡੀਅਨ ਪੀਨਲ ਕੋਡ 1860 ਦੀ ਥਾਂ ਭਾਰਤੀ ਨਿਆਂ ਸੰਹਿਤਾ 2023 ਦੀ ਧਾਰਾ 274 ਤਹਿਤ ਜ਼ੁਰਮਾਨੇ ਦੀ ਰਕਮ ਭਾਵੇਂ 1000 ਤੋਂ ਵਧਾ ਕੇ 5000 ਰੁਪਏ ਤੱਕ ਕਰ ਦਿੱਤੀ ਗਈ ਹੈ ਪਰ ਕੈਦ 6 ਮਹੀਨੇ ਤੱਕ ਹੀ ਰੱਖੀ ਗਈ ਹੈ। ਭਾਰਤ ਵਿੱਚ ਖੁਰਾਕੀ ਪਦਾਰਥਾਂ ਦੇ ਵੱਧ ਰਹੇ ਸੰਕਟ ਨੂੰ ਹੱਲ ਕਰਨ ਲਈ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ 2030 ਤੱਕ ਭਾਰਤ ਟਿਕਾਊ ਵਿਕਾਸ ਦੇ ਨਾਲ-ਨਾਲ ਚੰਗੀ ਸਿਹਤ ਤੇ ਸਮਾਜ ਭਲਾਈ ਦੇ ਟੀਚੇ ਨੂੰ ਵੀ ਪ੍ਰਾਪਤ ਕਰ ਸਕੇ।

**ਪੰਜਾਬ ਵਿੱਚ ਖਾਦਾਂ ਅਤੇ ਰਸਾਇਣਾਂ ਦੀ ਜ਼ਿਆਦਾ ਵਰਤੋਂ ਦਾ ਕਾਰਨ ਪੰਜਾਬ ਦਾ ਫ਼ਸਲੀ ਚੱਕਰ ਹੈ ਜਿਹੜਾ ਕਣਕ ਅਤੇ ਝੋਨੇ ਤੱਕ ਸੁੰਗੜ ਗਿਆ ਹੈ। ਅੱਜ ਫ਼ਸਲੀ ਵਿਭਿੰਨਤਾ ਦੀਆਂ ਅਪੀਲਾਂ ਦੇ ਬਾਵਜੂਦ ਪੰਜਾਬ ਵਿੱਚ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਝੋਨਾ ਲੱਗਦਾ ਹੈ। ਇਹ ਦੋਵੇਂ ਫ਼ਸਲਾਂ ਪਾਣੀ ਬਹੁਤ ਜ਼ਿਆਦਾ ਲੈਂਦੀਆਂ ਹਨ। ਰਸਾਇਣਾਂ ਕਰਕੇ ਹੋਰ ਵਾਧੂ ਪਾਣੀ ਦੀ ਲੋੜ ਪੈਂਦੀ ਹੈ।**



# ਰਸਾਇਣਾਂ ਦੀ ਵਰਤੋਂ ਘਟਾਉਣਾ ਜ਼ਰੂਰੀ

ਜਲਵਾਯੂ ਤਬਦੀਲੀ ਅਤੇ ਵਾਤਾਵਰਨ ਵਿੱਚ ਨਿਘਾਰ ਦੇ ਮਾਮਲਿਆਂ ਬਾਰੇਯੂ. ਐਨ. ਓ. ਵੀ ਗੰਭੀਰ ਹੈ। ਉਸ ਦੀ ਸਰਪ੍ਰਸਤੀ ਅਧੀਨ ਕੌਮਾਂਤਰੀ ਜਲਵਾਯੂ ਦੀ ਤਬਦੀਲੀ ਸੰਬੰਧੀ ਪੈਨਲ ਸਮੇਂ-ਸਮੇਂ 'ਤੇ ਵਾਤਾਵਰਨ ਵਿੱਚ ਆਉਣ ਵਾਲੀਆਂ ਤਬਦੀਲੀਆਂ ਬਾਰੇ ਵੱਖ-ਵੱਖ ਦੇਸ਼ਾਂ ਵਿੱਚ ਮੀਟਿੰਗ ਕਰਕੇ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ



ਡਾ. ਸ. ਸ. ਛੀਨਾ

ਆਮ ਲੋਕਾਂ ਨੂੰ ਚੇਤਨ ਕਰਦਾ ਰਹਿੰਦਾ ਹੈ। ਇਹ ਸਮੱਸਿਆਵਾਂ ਦੁਨੀਆ ਭਰ ਵਿੱਚ ਕੁਦਰਤ ਨਾਲ ਛੇੜਛਾੜ ਕਰਨ ਕਰ ਕੇ ਪੈਦਾ ਹੋਈਆਂ ਹਨ, ਜਿਸ ਵਿੱਚ ਵੱਡਾ ਕਾਰਨ ਵਸੋਂ ਦਾ ਸਾਧਨਾਂ ਤੋਂ ਬਹੁਤ ਜ਼ਿਆਦਾ ਹੋਣਾ ਹੈ। ਇਹ ਨਿਘਾਰ ਲਗਾਤਾਰ ਚੱਲਣ ਵਾਲੇ ਵਿਕਾਸ ਵਿੱਚ ਵੱਡੀ ਰੁਕਾਵਟ ਬਣ ਰਿਹਾ ਹੈ। ਸਾਲ 2019 ਵਿੱਚ ਇੱਕ ਪਾਸੇ ਰਿਕਾਰਡ ਗਰਮੀ ਅਤੇ ਦੂਜੇ ਪਾਸੇ ਰਿਕਾਰਡ ਸਰਦੀ ਸਿਰਫ਼ ਭਾਰਤ (ਜਿੱਥੇ ਵਸੋਂ ਦਾ ਵੱਡਾ ਅਸੰਤੁਲਨ ਹੈ) ਵਿੱਚ ਹੀ ਨਹੀਂ ਪਈ ਸਗੋਂ ਆਸਟਰੇਲੀਆ ਵਿੱਚ ਵੀ ਗਰਮੀ ਅਤੇ ਸਰਦੀ ਆਮ ਤੋਂ ਜ਼ਿਆਦਾ ਸੀ। ਹਾਲਾਂਕਿ, ਆਸਟਰੇਲੀਆ ਦੀ ਵਸੋਂ ਸਾਧਨਾ ਦੇ ਮੁਕਾਬਲੇ ਬਹੁਤ ਘੱਟ ਹੈ। ਦਰਅਸਲ, ਵਾਤਾਵਰਨ ਵਿੱਚ ਨਿਘਾਰ ਦੀਆਂ ਸਮੱਸਿਆਵਾਂ ਹਰ ਦੇਸ਼ ਵਿੱਚ ਹਨ ਅਤੇ ਉਨ੍ਹਾਂ ਵਿੱਚ ਉੱਥੇ ਦੇ ਹਾਲਾਤ ਕਾਰਨ ਥੋੜ੍ਹਾ ਬਹੁਤ ਫ਼ਰਕ ਜ਼ਰੂਰ ਹੈ।

ਪੰਜਾਬ ਸੂਬਾ, ਭਾਰਤ ਦਾ ਵੱਡਾ ਅੰਨ ਭੰਡਾਰ ਹੈ। ਇਹ ਆਪਣੇ ਸਿਰਫ਼ 1.5 ਫ਼ੀਸਦੀ ਖੇਤਰ ਨਾਲ ਭਾਰਤ ਦੇ ਅਨਾਜ ਭੰਡਾਰਾਂ ਵਿੱਚ ਤਕਰੀਬਨ 60 ਫ਼ੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ, ਜਿਹੜਾ ਇਸ ਨੇ ਵਾਤਾਵਰਨ ਵਿੱਚ ਵੱਡੇ ਨਿਘਾਰ ਦੀ ਲਾਗਤ 'ਤੇ ਪ੍ਰਾਪਤ ਕੀਤਾ ਹੈ। ਘੱਟ ਧਰਤੀ ਵਿੱਚ ਵੱਧ ਤੋਂ ਵੱਧ ਉਪਜ ਲੈਣ ਦੀ ਕੋਸ਼ਿਸ਼ ਹੀ ਇਸ ਦਾ ਵੱਡਾ ਕਾਰਨ ਹੈ। ਪੰਜਾਬ ਵਿੱਚ ਸੰਨ 1960 ਤੋਂ ਪਹਿਲਾਂ ਅਤੇ ਹੁਣ ਦੀ ਖੇਤੀ ਵਿੱਚ ਬਹੁਤ ਵੱਡਾ ਫ਼ਰਕ ਹੈ। ਪਹਿਲਾਂ ਸਿੰਜਾਈ ਦਾ ਮੁੱਖ ਸਾਧਨ ਖੂਹ ਜਾਂ ਨਹਿਰਾਂ ਸਨ। ਉਦੋਂ ਟਿਊਬਵੈੱਲ ਬਹੁਤ ਘੱਟ ਸਨ, ਜਿਸ ਦਾ ਵੱਡਾ ਕਾਰਨ ਬਿਜਲੀ ਪੂਰਤੀ ਦੀ ਕਮੀ ਸੀ। ਰਸਾਇਣਕ ਖਾਦਾਂ ਪਾਉਣ ਦੀ ਖੇਤੀ ਵਿਭਾਗ ਵੱਲੋਂ ਪ੍ਰੇਰਨਾ ਦਿੱਤੀ ਜਾਂਦੀ ਸੀ ਪਰ ਕਿਸਾਨ ਰਸਾਇਣਕ ਖਾਦਾਂ ਇਸ ਕਰਕੇ ਨਹੀਂ ਸਨ ਪਾਉਂਦੇ ਕਿ ਪਾਣੀ ਜਾਂ ਸਿੰਜਾਈ ਦੀ ਕਮੀ ਸੀ। ਇਨ੍ਹਾਂ ਦੀ ਵਰਤੋਂ ਦੀ ਪਹਿਲੀ ਸ਼ਰਤ ਹੈ ਕਿ ਪਾਣੀ ਦੀ ਪੂਰਤੀ ਕਾਫ਼ੀ ਜ਼ਿਆਦਾ ਹੋਵੇ। 1960 ਤੋਂ ਬਾਅਦ ਜਿਉਂ-ਜਿਉਂ ਬਿਜਲੀ ਦੀ ਪੂਰਤੀ ਵੱਧਣ ਲੱਗੀ ਟਿਊਬਵੈੱਲਾਂ ਦੀ ਗਿਣਤੀ ਵੀ ਵਧਦੀ ਗਈ। ਸੰਨ 1960 ਵਿੱਚ ਪੰਜਾਬ ਵਿਚ ਕੁੱਲ ਪੰਜ ਹਜ਼ਾਰ ਟਿਊਬਵੈੱਲ ਸਨ, ਜਿਹੜੇ ਵੱਧਦੇ-ਵੱਧਦੇ ਹੁਣ 14 ਲੱਖ ਤੋਂ ਵੀ ਉੱਪਰ ਹੋ ਗਏ ਹਨ। ਇਹ ਟਿਊਬਵੈੱਲ ਲਗਾਤਾਰ ਧਰਤੀ ਦੇ ਹੇਠੋਂ ਏਨਾ ਪਾਣੀ ਕੱਢ ਚੁੱਕੇ ਹਨ ਜਿੰਨਾ ਮੀਂਹ ਨਾਲ ਆਪਣੇ ਆਪ ਪੂਰਾ ਨਹੀ ਹੋ ਸਕਿਆ, ਜਿਸ ਕਰਕੇ ਹੋਰ ਕਈ ਮੁਸ਼ਕਿਲਾਂ ਆ ਗਈਆਂ ਹਨ। ਪੰਜਾਬ ਦੇ 138 ਬਲਾਕਾਂ ਵਿੱਚੋਂ ਜ਼ਿਆਦਾਤਰ ਵਿੱਚ ਪਾਣੀ ਪੀਣ ਯੋਗ ਨਹੀਂ ਰਿਹਾ। ਇਸ ਦੇ ਨਾਲ ਹੀ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨ-ਬ-ਦਿਨ ਹੇਠਾਂ ਜਾਣਾ ਬਹੁਤ ਨੁਕਸਾਨਦੇਹ ਹੈ।

ਮਾਹਿਰਾਂ ਅਨੁਸਾਰ ਧਰਤੀ ਹੇਠਾਂ ਪਾਣੀ ਦੇ ਤਿੰਨ ਪੱਧਰ ਹਨ। ਸੰਨ 1960 ਵਿੱਚ ਪਹਿਲੇ ਪੱਧਰ ਤੋਂ ਪਾਣੀ ਕੱਢਿਆ ਜਾ ਸਕਦਾ ਸੀ ਜਿਸ ਵੇਲੇ ਪੰਜਾਬ ਵਿੱਚ ਪਾਣੀ ਸਿਰਫ਼ ਅੱਠ-ਦਸ ਫੁੱਟ ਤੋਂ ਹੀ ਮਿਲ ਜਾਂਦਾ ਸੀ। 1985 ਵਿੱਚ ਉਹ ਪੱਧਰ ਖ਼ਤਮ ਹੋ ਗਿਆ। ਫਿਰ ਦੂਜੇ ਪੱਧਰ ਤੋਂ ਪਾਣੀ ਕੱਢਣਾ ਸ਼ੁਰੂ ਹੋ ਗਿਆ। ਇਸ ਸਥਿਤੀ ਵਿੱਚ ਧਰਤੀ ਵਿੱਚ ਟੋਇਆ ਪੁੱਟ ਕੇ ਹੇਠਾਂ ਟਿਊਬਵੈੱਲ ਦੀ ਮੋਟਰ ਲਾਈ ਜਾਂਦੀ ਸੀ। ਪਾਣੀ ਪ੍ਰਾਪਤ ਕਰਨ ਲਈ ਬੋਰ ਹੋਰ ਡੂੰਘਾ ਕੀਤਾ ਜਾਂਦਾ ਸੀ ਜਿਸ 'ਤੇ ਖਰਚ ਵੀ ਜ਼ਿਆਦਾ ਆਉਂਦਾ



ਸੀ ਅਤੇ ਟਿਊਬਵੈੱਲ ਚਲਾਉਣ ਦੀ ਲਾਗਤ ਵੀ ਵੱਧ ਗਈ ਸੀ। ਸਾਲ 2000 ਤੱਕ ਉਹ ਪੱਧਰ ਵੀ ਖ਼ਤਮ ਹੋ ਗਈ ਅਤੇ ਪਾਣੀ ਤੀਜੇ ਪੱਧਰ ਤੋਂ ਕੱਢਣਾ ਪਿਆ ਜਿਸ ਲਈ ਸਬਮਰਸੀਬਲ ਪੰਪ ਲਾਉਣੇ ਪਏ ਅਤੇ ਇਹ ਪੰਪ ਹੁਣ ਸਾਰੇ ਪੰਜਾਬ ਵਿੱਚ ਲੱਗੇ ਹੋਏ ਹਨ। ਇਹ ਪੰਪ ਲਗਾਉਣ ਦਾ ਖ਼ਰਚ ਜ਼ਿਆਦਾ ਆਉਂਦਾ ਹੈ ਅਤੇ ਇਸ ਨੂੰ ਚਲਾਉਣ ਦਾ ਖ਼ਰਚ ਵੀ ਜ਼ਿਆਦਾ ਆਉਂਦਾ ਹੈ। ਭਵਿੱਖ ਦੀ ਵੱਡੀ ਚੁਣੌਤੀ ਇਹ ਹੈ ਕਿ ਇਸ ਪੱਧਰ 'ਤੇ ਵੀ ਪਾਣੀ ਖ਼ਤਮ ਹੋ ਗਿਆ ਤਾਂ ਕੀ ਬਣੇਗਾ। ਇਹ ਸੋਚ ਕੇ ਵੀ ਡਰ ਲੱਗਦਾ ਹੈ। ਇਸ ਲਈ ਚੇਤੰਨ ਹੋਣ ਦੀ ਜ਼ਰੂਰਤ ਹੈ।

ਪੰਜਾਬ ਵਿੱਚ ਧਰਤੀ ਹੇਠੋਂ ਜ਼ਿਆਦਾ ਪਾਣੀ ਕੱਢਣ ਕਰ ਕੇ ਵਾਤਾਵਰਨ ਵਿੱਚ ਕਈ ਵਿਗਾੜ ਪੈ ਚੁੱਕੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਰਸਾਇਣਾਂ ਦੀ ਦਿਨ-ਬ-ਦਿਨ ਵੱਧਦੀ ਵਰਤੋਂ ਹੈ। ਇਨ੍ਹਾਂ ਰਸਾਇਣਾਂ ਦੀ ਵਰਤੋਂ ਹਰ ਸਾਲ ਪੰਜਾਬ ਵਿੱਚ 4 ਫ਼ੀਸਦੀ ਦੇ ਹਿਸਾਬ ਵੱਧ ਰਹੀ ਹੈ। ਪੰਜਾਬ ਦਾ ਖੇਤਰਫਲ ਭਾਰਤ ਦੇ ਖੇਤਰਫਲ ਦਾ ਸਿਰਫ਼ 1.5 ਫ਼ੀਸਦੀ ਹੈ ਪਰ ਇੱਥੇ ਕੁੱਲ ਭਾਰਤ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਵਿੱਚੋਂ 19 ਫ਼ੀਸਦੀ ਰਸਾਇਣ ਵਰਤੇ ਜਾਂਦੇ ਹਨ।

ਦੇਸ਼ ਵਿੱਚ ਵਰਤੇ ਜਾਣ ਵਾਲੇ ਕੁੱਲ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਵਿੱਚੋਂ ਵੀ ਪੰਜਾਬ ਵਿੱਚ 9 ਫ਼ੀਸਦੀ ਵਰਤੇ ਜਾ ਰਹੇ ਹਨ। ਇਹ ਰਸਾਇਣ ਵੱਡਾ ਜ਼ਹਿਰੀਲਾ ਮਾਦਾ ਹਨ। ਇਹ ਲਗਾਤਾਰ ਹਵਾ, ਪਾਣੀ ਅਤੇ ਧਰਤੀ ਵਿੱਚ ਘੁਲ ਕੇ ਵਾਤਾਵਰਨ ਨੂੰ ਦੂਸ਼ਿਤ ਕਰ ਰਹੇ ਹਨ ਅਤੇ ਖ਼ੁਰਾਕ ਵਿੱਚ ਵੀ ਸ਼ਾਮਿਲ ਹੋ ਰਹੇ ਹਨ।

ਇਨ੍ਹਾਂ ਦੀ ਵਰਤੋਂ ਨਾਲ ਧਰਤੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਉਸ ਕਮੀ ਨੂੰ ਪੂਰਾ ਕਰਨ ਲਈ ਹੋਰ ਮਾਤਰਾ ਵਿੱਚ ਰਸਾਇਣ ਪਾਉਣੇ ਪੈਂਦੇ ਹਨ। ਖੇਤੀਬਾੜੀ ਵਿੱਚ ਘੱਟਦੀਆਂ ਪ੍ਰਾਪਤੀਆਂ ਦਾ ਨਿਯਮ ਸਭ ਤੋਂ ਛੇਤੀ ਲਾਗੂ ਹੁੰਦਾ ਹੈ। ਇਸ ਦਾ ਅਰਥ ਹੈ ਕਿ ਜੇ ਪਹਿਲੀ ਖਾਦ ਦੀ ਬੋਰੀ ਨਾਲ 10 ਕੁਇੰਟਲ ਉਪਜ ਵੱਧੀ ਹੈ ਤਾਂ ਅਗਲੀ ਬੋਰੀ ਨਾਲ 9, ਫਿਰ ਅਗਲੀਆਂ ਬੋਰੀਆਂ ਨਾਲ 8, 7, 6 ਅਤੇ ਇਹ ਉਪਜਾਊ ਸ਼ਕਤੀ ਘਟਦੀ ਜਾਵੇਗੀ। ਇਸ ਲਈ ਵੱਧ ਉਪਜ ਲੈਣ ਲਈ ਖਾਦ ਦੀਆਂ ਵੱਧ ਬੋਰੀਆਂ ਵਰਤੀਆਂ ਜਾਣਗੀਆਂ, ਜਿਨ੍ਹਾਂ ਨਾਲ ਪਾਣੀ ਦੀ ਵੀ ਜ਼ਿਆਦਾ ਵਰਤੋਂ ਕਰਨੀ ਪਵੇਗੀ ਅਤੇ ਵਾਤਾਵਰਨ ਹੋਰ ਜ਼ਹਿਰੀਲਾ ਹੋ ਜਾਵੇਗਾ।

ਪੰਜਾਬ ਵਿੱਚ ਖਾਦਾਂ ਅਤੇ ਰਸਾਇਣਾਂ ਦੀ ਜ਼ਿਆਦਾ ਵਰਤੋਂ ਦਾ ਕਾਰਨ ਪੰਜਾਬ ਦਾ ਫ਼ਸਲੀ ਚੱਕਰ ਹੈ ਜਿਹੜਾ ਕਣਕ ਅਤੇ ਝੋਨੇ ਤੱਕ ਸੁੰਗੜ ਗਿਆ ਹੈ। ਸੰਨ 1960 ਵਾਲੀ ਖੇਤੀ ਵਿੱਚ ਹਾੜ੍ਹੀ ਅਤੇ ਸਾਉਣੀ ਦੇ ਮੌਸਮ ਵਿੱਚ ਕਈ ਫ਼ਸਲਾਂ ਜਿਵੇਂ ਦਾਲਾਂ, ਮੂੰਗਫਲੀ, ਤੋਰੀਆ, ਸਰ੍ਹੋਂ, ਗੰਨਾ, ਤਾਰਾਮੀਰਾ, ਤਿਲ, ਸਣ, ਮੱਕੀ, ਕਪਾਹ ਆਦਿ ਸਭ ਕੁੱਝ ਰੁੱਤ ਅਨੁਸਾਰ ਹੁੰਦਾ ਸੀ। ਪਰ ਅੱਜਕੱਲ੍ਹ ਕਣਕ ਅਤੇ ਝੋਨਾ ਹੀ ਦੋ ਫ਼ਸਲਾਂ ਹਨ ਜਿਨ੍ਹਾਂ ਹੇਠ 80 ਫ਼ੀਸਦੀ ਰਕਬਾ ਆ ਗਿਆ ਹੈ। ਸੰਨ 1960 ਵਿੱਚ 20 ਹਜ਼ਾਰ ਹੈਕਟੇਅਰ ਵਿੱਚ ਝੋਨਾ ਲਾਇਆ ਜਾਂਦਾ ਸੀ ਪਰ ਅੱਜ ਫ਼ਸਲੀ ਵਿਭਿੰਨਤਾ ਦੀਆਂ ਅਪੀਲਾਂ ਦੇ ਬਾਵਜੂਦ ਪੰਜਾਬ ਵਿੱਚ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਝੋਨਾ ਲੱਗਦਾ ਹੈ। ਕਣਕ ਅਤੇ ਝੋਨਾ ਦੋਵੇਂ ਫ਼ਸਲਾਂ ਪਾਣੀ ਬਹੁਤ ਜ਼ਿਆਦਾ ਲੈਂਦੀਆਂ ਹਨ। ਰਸਾਇਣਾਂ ਕਰਕੇ ਹੋਰ ਵਾਧੂ ਪਾਣੀ ਦੀ ਲੋੜ ਪੈਂਦੀ ਹੈ।

ਇਨ੍ਹਾਂ ਦੋਵੇਂ ਫ਼ਸਲਾਂ ਅਧੀਨ ਖੇਤਰ ਵੱਧਣ ਦਾ ਸਿਰਫ਼ ਇੱਕੋ ਕਾਰਨ ਹੈ, ਇਨ੍ਹਾਂ ਦੀਆਂ ਪਹਿਲਾਂ ਤੋਂ ਐਲਾਨੀਆਂ ਕੀਮਤਾਂ ਅਤੇ ਸਰਕਾਰੀ ਤੇ ਯਕੀਨੀ ਖ਼ਰੀਦ। ਕੇਂਦਰੀ ਸਰਕਾਰ ਵੱਲੋਂ 23 ਵੱਖ-ਵੱਖ ਫ਼ਸਲਾਂ ਲਈ ਘੱਟੋ-ਘੱਟ ਖ਼ਰੀਦ ਮੁੱਲ ਐਲਾਨਿਆ ਜਾਂਦਾ ਹੈ, ਪਰ ਸਿਰਫ਼ ਝੋਨਾ ਅਤੇ ਕਣਕ ਹੀ ਸਰਕਾਰ ਵੱਲੋਂ ਐਲਾਨੀਆਂ ਕੀਮਤਾਂ 'ਤੇ ਖਰੀਦੀਆਂ ਜਾਂਦੀਆਂ ਹਨ। ਪੰਜਾਬ ਵਿੱਚ ਫਿਰੋਜ਼ਪੁਰ, ਬਠਿੰਡਾ, ਮਾਨਸਾ, ਫ਼ਰੀਦਕੋਟ, ਫਾਜ਼ਿਲਕਾ ਨੂੰ ਕਪਾਹ ਪੱਟੀ ਮੰਨਿਆ ਜਾਂਦਾ ਹੈ, ਪਰ ਸਰਕਾਰੀ ਖ਼ਰੀਦ ਕਾਰਨ ਉੱਥੇ ਵੀ ਹੁਣ ਸਾਉਣੀ ਦੀ ਰੁੱਤ ਵਿੱਚ ਝੋਨਾ ਮੁੱਖ ਫ਼ਸਲ ਬਣ ਗਈ ਹੈ।

ਝੋਨਾ ਅਤੇ ਕਣਕ ਵੱਧਣ ਨਾਲ ਹੋਰ ਫ਼ਸਲਾਂ ਅਧੀਨ ਰਕਬਾ ਲਗਾਤਾਰ ਘੱਟਦਾ ਗਿਆ ਤੇ ਕਈ ਫ਼ਸਲਾਂ ਹੁਣ ਪੰਜਾਬ ਵਿੱਚ ਨਜ਼ਰ ਹੀ ਨਹੀਂ ਆਉਂਦੀਆਂ, ਜਿਵੇਂ ਸਣ, ਤਿਲ, ਤਾਰਾਮੀਰਾ, ਦਾਲਾਂ ਤੇ ਤੇਲਾਂ ਦੇ ਬੀਜ। ਇਹ ਉਹ ਫ਼ਸਲਾਂ ਹਨ ਜਿਹੜੀਆਂ ਘੱਟ ਪਾਣੀ ਦੀ ਵਰਤੋਂ ਕਰਦੀਆਂ ਹਨ। ਇਹ ਨਾ ਬੀਜੀਆਂ ਜਾਣ ਦਾ ਇੱਕੋ ਕਾਰਨ ਹੈ ਸਰਕਾਰੀ ਖ਼ਰੀਦ ਦਾ ਨਾ ਹੋਣਾ। ਇਸ ਲਈ ਦਾਲ ਅਤੇ ਤੇਲ ਦੇ ਬੀਜ ਦੋਵੇਂ ਹਰ ਸਾਲ ਵਿਦੇਸ਼ਾਂ ਤੋਂ ਦਰਾਮਦ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਫ਼ਸਲਾਂ ਦੀਆਂ ਕੀਮਤਾਂ ਵਿਦੇਸ਼ਾਂ ਵਿੱਚ ਵੀ ਵੱਧਣ ਕਰਕੇ ਇਨ੍ਹਾਂ ਲਈ ਭੁਗਤਾਨ ਹਰ ਸਾਲ ਵੱਧਦਾ ਜਾ ਰਿਹਾ ਹੈ। ਭਾਰਤ ਦੁਨੀਆ ਭਰ ਵਿੱਚ ਦਾਲਾਂ ਸਭ ਤੋਂ ਵੱਧ ਪੈਦਾ ਕਰਨ ਤੇ ਸਭ ਤੋਂ ਵੱਧ ਖਾਣ ਵਾਲਾ ਮੁਲਕ ਹੋਣ ਦੇ ਨਾਲ-ਨਾਲ ਸਭ ਤੋਂ ਵੱਡਾ ਦਰਾਮਦਕਾਰ ਵੀ ਹੈ। ਸਾਡੇ ਖੇਤੀ ਪ੍ਰਧਾਨ ਦੇਸ਼ ਨੂੰ ਘੱਟੋ-ਘੱਟ ਖੇਤੀ ਜਿਣਸਾਂ ਦੇ ਉਤਪਾਦਨ ਵਿੱਚ ਆਤਮ ਨਿਰਭਰ ਬਣਨਾ ਚਾਹੀਦਾ ਹੈ। ਇਸ ਲਈ ਘੱਟੋ-ਘੱਟ ਤੈਅ ਮੁੱਲ 'ਤੇ ਬਦਲਵੀਆਂ ਫ਼ਸਲਾਂ ਦੀ ਖ਼ਰੀਦ ਹੀ ਇੱਕੋ-ਇੱਕ ਰਾਹ ਹੈ। ਜਿਨ੍ਹਾਂ ਫ਼ਸਲਾਂ ਲਈ ਪੰਜਾਬ ਦਾ ਜਲਵਾਯੂ ਅਨੁਕੂਲ ਹੈ, ਉਨ੍ਹਾਂ ਲਈ ਇਹੋ ਰਾਹ ਅਪਣਾਉਣਾ ਚਾਹੀਦਾ ਹੈ। ਜੇ ਕੇਂਦਰ ਸਰਕਾਰ ਇਹ ਕੰਮ ਨਹੀਂ ਕਰਦੀ ਤਾਂ ਪੰਜਾਬ ਸਰਕਾਰ ਨੂੰ ਆਪ ਖ਼ਰੀਦ ਕਰ ਲੈਣੀ ਚਾਹੀਦੀ ਹੈ, ਜਿਸ ਸਦਕਾ ਮਹਿੰਗੀ ਦਰਾਮਦ ਨਾਲ ਇਹ ਫਿਰ ਵੀ ਸਸਤੀਆਂ ਮਿਲ ਸਕਦੀਆਂ ਹਨ।

ਫ਼ਸਲੀ ਚੱਕਰ ਵਿੱਚ ਤਬਦੀਲੀ ਇਸ ਕਰਕੇ ਵੀ ਲੋੜੀਂਦੀ ਹੈ ਤਾਂ ਜੋ ਬਦਲਵੀਆਂ ਫ਼ਸਲਾਂ ਨਾਲ ਸੰਤੁਲਿਤ ਵਾਤਾਵਰਨ ਬਣੇਗਾ ਤੇ ਰਸਾਇਣਾਂ ਦੀ ਵਰਤੋਂ ਘਟੇਗੀ। ਇਸ ਨਾਲ ਵੱਡੇ ਖ਼ਤਰਿਆਂ ਤੋਂ ਬਚਾਅ ਹੋ ਸਕਦਾ ਹੈ। ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਨੂੰ ਬਦਲਵੀਆਂ ਫ਼ਸਲਾਂ ਲਈ ਵੱਡੀ ਸਬਸਿਡੀ ਦੇਣੀ ਚਾਹੀਦੀ ਹੈ ਜੋ ਬਹੁਤ ਉਪਯੋਗੀ ਸਾਬਿਤ ਹੋਵੇਗੀ। ਇਉਂ ਕਣਕ ਝੋਨੇ ਦੇ ਨਾਲ ਹੋਰ ਫ਼ਸਲਾਂ ਬੀਜਣ ਨਾਲ ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਘਟੇਗੀ ਅਤੇ ਪਾਣੀ ਦੀ ਬੱਚਤ ਹੋਵੇਗੀ। ਸਭ ਤੋਂ ਵੱਡਾ ਲਾਭ ਇਹ ਵੀ ਹੋਵੇਗਾ ਕਿ ਕਿਰਤੀਆਂ ਦੇ ਕੰਮ ਵਿੱਚ ਵਾਧਾ ਹੋਵੇਗਾ ਕਿਉਂਕਿ ਕਿਰਤੀਆਂ ਅਤੇ ਮਸ਼ੀਨਾਂ ਲਈ ਕੰਮ ਦੀ ਸਾਰੇ ਸਾਲ ਵਿੱਚ ਵੰਡ ਹੋਵੇਗੀ।

ਕੇਂਦਰੀ ਅਤੇ ਸੂਬਾਈ ਸਰਕਾਰਾਂ ਨੂੰ ਰਸਾਇਣਾਂ ਦੀ ਵਧਦੀ ਵਰਤੋਂ ਨੂੰ ਠੱਲ੍ਹਣ ਲਈ ਗੰਭੀਰਤਾ ਨਾਲ ਕੋਈ ਅਜਿਹੀ ਨੀਤੀ ਅਪਣਾਉਣੀ ਚਾਹੀਦੀ ਹੈ, ਜਿਸ ਦੇ ਅਨੁਕੂਲ ਸਿੱਟੇ ਮਿਲ ਸਕਣ। ਰਸਾਇਣਾਂ ਦੇ ਘਾਤਕ ਪ੍ਰਭਾਵਾਂ ਤੋਂ ਵਾਤਾਵਰਨ ਦੇ ਬਚਾਅ ਕਰਨ ਲਈ ਜੈਵਿਕ ਖੇਤੀ ਨੂੰ ਬਰਾਬਰ ਲਾਭਕਾਰੀ ਬਣਾਉਣ ਲਈ ਦੀਰਘਕਾਲੀ ਨੀਤੀ ਅਪਣਾਉਣੀ ਪਵੇਗੀ।

★ ਸ਼ਾਕਾਹਾਰੀ ਖਾਣੇ ਵਿੱਚ ਤੇਲ ਬੀਜ ਊਰਜਾ ਦਾ ਪ੍ਰਮੁੱਖ ਸਰੋਤ ਹੁੰਦੇ ਹਨ ।

★ ਤੇਲ ਬੀਜਾਂ ਵਿੱਚ 14-32 ਗ੍ਰਾਮ ਪ੍ਰੋਟੀਨ, ਜ਼ਰੂਰੀ ਫੈਟੀ ਐਸਿਡ, ਖਣਿਜ ਪਦਾਰਥ ਅਤੇ ਵਿਟਾਮਿਨ ਈ ਹੁੰਦੇ ਹਨ ।

★ ਤੇਲ ਬੀਜਾਂ ਤੋਂ ਕਈ ਚੀਜ਼ਾਂ ਬਣਾ ਕੇ ਪੌਸ਼ਟਿਕਤਾ ਅਤੇ ਸਵਾਦ ਦੀ ਸਾਂਝ ਵਧਾਈ ਜਾ ਸਕਦੀ ਹੈ ।

# ਚੰਗੀ ਸਿਹਤ ਲਈ ਤੇਲ ਬੀਜਾਂ ਦਾ ਮਹੱਤਵ

ਸੋਨਿਕਾ ਸ਼ਰਮਾ ਅਤੇ ਨਵਜੋਤ ਕੌਰ,
ਭੋਜਨ ਅਤੇ ਪੋਸ਼ਣ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 81461-22277)

ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਕੁਪੋਸ਼ਣ ਅਤੇ ਭੁੱਖਮਰੀ ਗੰਭੀਰ ਸਿਹਤ ਸਮੱਸਿਆਵਾਂ ਹਨ । ਇਹ ਸੰਸਾਰ ਵਿੱਚ ਜਨਸੰਖਿਆ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਗਰੀਬ ਭਾਈਚਾਰੇ ਦੇ ਬੱਚਿਆਂ ਵਿੱਚ ਜ਼ਿਆਦਾ ਦੇਖਣ ਨੂੰ ਮਿਲਦੇ ਹਨ । ਇਹ ਸ਼ਾਕਾਹਾਰੀ ਖਾਣੇ ਤੇ ਨਿਰਭਰ ਹੋਣ ਕਰਕੇ ਅਤੇ ਮਾਸਾਹਾਰੀ ਭੋਜਨ ਲਈ ਸਮਰੱਥਾ ਦੀ ਘਾਟ ਕਾਰਨ ਹੋ ਸਕਦਾ ਹੈ । ਰੋਜ਼ਾਨਾ ਖੁਰਾਕ ਦੀ ਮਾਤਰਾ ਵਿੱਚ ਸੁਧਾਰ ਕਰਨ ਲਈ, ਕੁਝ ਆਮ ਤੌਰ ਤੇ ਉਪਲੱਬਧ, ਜ਼ਿਆਦਾ ਊਰਜਾ ਦੇਣ ਵਾਲੇ ਭੋਜਨ ਪਦਾਰਥਾਂ ਨੂੰ ਇਹਨਾਂ ਬੱਚਿਆਂ ਦੀ ਖੁਰਾਕ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ ।

ਸ਼ਾਕਾਹਾਰੀ ਖਾਣੇ ਵਿੱਚ ਤੇਲ ਬੀਜ ਊਰਜਾ ਦਾ ਇੱਕ ਵੱਡਾ ਸਰੋਤ ਹੁੰਦੇ ਹਨ । ਡੀਫੈਟਿਡ ਤੇਲ ਬੀਜ ਵਾਲੇ ਖਾਣੇ ਵਿੱਚ ਹੋਰ ਮਾਸਾਹਾਰੀ ਅਤੇ ਸ਼ਾਕਾਹਾਰੀ ਭੋਜਨ ਨਾਲੋਂ ਜ਼ਿਆਦਾਤਰ ਪ੍ਰੋਟੀਨ ਹੁੰਦੇ ਹਨ । ਦੁਨੀਆਂ ਭਰ ਵਿੱਚ ਇਹ ਵਧੀਆ ਗੁਣਵੱਤਾ ਵਾਲੇ ਪ੍ਰੋਟੀਨ, ਵਿਸ਼ੇਸ਼ ਤੌਰ ਤੇ ਸਬਜ਼ੀਆਂ ਦੇ ਤੇਲ ਅਤੇ ਵਿਟਾਮਿਨ ਏ ਵਰਗੇ ਵਿਟਾਮਿਨਾਂ ਦੀ ਪੂਰਤੀ ਕਰਨ ਵਾਲੇ ਪੌਸ਼ਟਿਕ



ਉਤਪਾਦਾਂ ਦੀ ਅਗਵਾਈ ਕਰ ਰਹੇ ਹਨ । ਤੇਲ ਪੈਦਾ ਕਰਨ ਵਾਲੀਆਂ ਫਸਲਾਂ ਅਤੇ ਕੁਦਰਤੀ ਭੋਜਨ ਕਪਾਹ, ਸੋਇਆਬੀਨ, ਸਰ੍ਹੋਂ, ਸੂਰਜਮੁਖੀ, ਮੂੰਗਫਲੀ, ਨਾਰੀਅਲ ਅਤੇ ਜੈਤੂਨ ਹਨ । ਤੇਲ ਬੀਜ ਊਰਜਾ ਦੇ ਸੰਘਣੇ ਪਦਾਰਥ ਹੁੰਦੇ ਹਨ ਜਿਨ੍ਹਾਂ ਵਿੱਚ 14-32 ਗ੍ਰਾਮ ਪ੍ਰੋਟੀਨ, ਜ਼ਰੂਰੀ ਫੈਟੀ ਐਸਿਡ, ਖਣਿਜ ਪਦਾਰਥ ਅਤੇ ਵਿਟਾਮਿਨ-ਈ ਵਰਗੇ ਵਿਟਾਮਿਨ ਮੌਜੂਦ ਹੁੰਦੇ ਹਨ ।

**1. ਮੂੰਗਫਲੀ** : ਮੂੰਗਫਲੀ ਨੂੰ ਤੇਲ ਬੀਜਾਂ ਦਾ ਰਾਜਾ ਤੇ ਗਰੀਬ ਆਦਮੀ ਦੀ ਪ੍ਰੋਟੀਨ ਵੀ ਕਿਹਾ ਜਾਂਦਾ ਹੈ । ਜੇਕਰ ਇਸਨੂੰ ਢੁਕਵੀਂ ਮਾਤਰਾ ਵਿੱਚ ਲਿਆ ਜਾਵੇ ਤਾਂ ਊਰਜਾ ਪ੍ਰਦਾਨ ਕਰਦਾ ਹੈ ਅਤੇ ਵਿਕਾਸ ਵਿੱਚ ਸੁਧਾਰ ਅਤੇ ਰੋਗਾਂ ਦੀ ਰੋਕਥਾਮ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ । ਇਹ ਪ੍ਰਤੀ 100 ਗ੍ਰਾਮ ਵਿੱਚ 567 ਕੈਲੋਰੀ ਪ੍ਰਦਾਨ ਕਰਦਾ ਹੈ । ਮੂੰਗਫਲੀ ਦੇ ਬੀਜ ਵਿੱਚ 44-56 ਪ੍ਰਤੀਸ਼ਤ ਤੇਲ ਅਤੇ 22-30 ਪ੍ਰਤੀਸ਼ਤ ਪ੍ਰੋਟੀਨ ਹੁੰਦਾ ਹੈ ਤੇ ਇਹ ਖਣਿਜਾਂ ਜਿਵੇਂ ਕਿ ਫਾਸਫੋਰਸ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਪੋਟਾਸ਼ੀਅਮ, ਕੌਪਰ ਅਤੇ ਵਿਟਾਮਿਨ ਜਿਵੇਂ ਕਿ ਵਿਟਾਮਿਨ-ਬੀ, ਈ ਅਤੇ ਕੇ ਦਾ ਸਰੋਤ ਹੁੰਦੇ ਹਨ । ਮੂੰਗਫਲੀ ਨਾ ਸਿਰਫ ਖੁਰਾਕ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਫਾਇਦੇਮੰਦ ਹੈ, ਬਲਕਿ ਵਜ਼ਨ ਨੂੰ ਠੀਕ ਰੱਖਣ ਵਿੱਚ ਵੀ ਮਦਦ ਕਰਦੀ ਹੈ । ਸਾਡੀ ਰੋਜ਼ਾਨਾ ਖੁਰਾਕ ਵਿੱਚ ਇਸਦੀ ਮੌਜੂਦਗੀ ਖੂਨ ਵਿਚਲੀ ਚਿੱਕਿਆਈ ਨੂੰ ਠੀਕ ਰੱਖਣ ਅਤੇ ਦਿਲ ਦੀਆਂ ਸਮੱਸਿਆਵਾਂ ਨੂੰ ਘੱਟ ਕਰਨ ਵਿੱਚ ਸਹਾਇਕ ਹੈ ।

**2. ਤਿਲ** : ਤਿਲ ਇੱਕ ਸਾਲਾਨਾ ਫਸਲ ਹੈ ਜੋ ਕਿ ਭਾਰਤ, ਚੀਨ, ਮਿਆਂਮਾਰ ਅਤੇ ਸੂਡਾਨ ਵਿੱਚ ਪੈਦਾ ਹੁੰਦੀ ਹੈ । ਇਸਨੂੰ ਤੇਲਬੀਜਾਂ ਦੀ ਰਾਣੀ ਵਜੋਂ ਜਾਣਿਆ ਜਾਂਦਾ ਹੈ । ਚੰਗੀ ਤੇਲ ਦੀ ਮਾਤਰਾ ਅਤੇ ਪ੍ਰੋਟੀਨ ਕਾਰਨ ਇਸਨੂੰ ਉੱਚੀ ਗੁਣਵੱਤਾ ਵਾਲਾ ਤੇਲ ਬੀਜ ਮੰਨਿਆ ਜਾਂਦਾ ਹੈ । ਤਿਲ ਪ੍ਰਤੀ 100 ਗ੍ਰਾਮ ਵਿੱਚ 573 ਕੈਲੋਰੀ ਅਤੇ 18 ਗ੍ਰਾਮ ਪ੍ਰੋਟੀਨ ਹੁੰਦਾ ਹੈ । ਇਹ ਥਾਈਆਮੀਨ, ਡਾਇਟਰੀ ਫਾਈਬਰ ਦੇ ਨਾਲ-ਨਾਲ ਫਾਸਫੋਰਸ, ਆਇਰਨ, ਮੈਗਨੀਸ਼ੀਅਮ, ਕੈਲਸ਼ੀਅਮ, ਮੈਗਨੀਜ਼, ਕੌਪਰ ਅਤੇ ਜ਼ਿੰਕ ਦਾ ਬਹੁਤ ਵਧੀਆ ਸ੍ਰੋਤ ਹਨ । ਇਹਨਾਂ ਵਿੱਚ ਪੋਲੀਅਨਸੈਚੁਰੇਟਿਡ ਫੈਟੀ ਐਸਿਡ ਅਤੇ ਕੁਦਰਤੀ ਐਂਟੀਆਕਸੀਡੈਂਟ ਹੁੰਦੇ ਹਨ । ਤਿਲ ਬੀਜ ਲਿਪਿਡ ਪ੍ਰਭਾਵ ਨੂੰ ਘਟਾਉਂਦੇ ਹਨ ਅਤੇ ਜ਼ਿਆਦਾ ਕੋਲੈਸਟਰੋਲ ਵਾਲੇ ਮਰੀਜ਼ਾਂ ਵਿੱਚ ਐਂਟੀਆਕਸੀਡੈਂਟ ਦੀ ਸਮਰੱਥਾ ਨੂੰ ਵਧਾਉਂਦੇ ਹਨ । ਗਠੀਏ ਦੇ ਮਰੀਜ਼ਾਂ ਲਈ ਵੀ ਲਾਹੇਵੰਦ ਹੁੰਦੇ ਹਨ । ਇਹ ਸੰਤੁਲਿਤ ਅਮੀਨੋ ਐਸਿਡ ਦੀ ਮਾਤਰਾ ਕਰਦੇ ਮਨੁੱਖੀ ਖਪਤ ਲਈ ਬਹੁਤ ਵਧੀਆ ਪ੍ਰੋਟੀਨ ਦਾ ਸਰੋਤ ਹਨ ਅਤੇ ਇਹ ਕਵਾਸ਼ੀਓਰਕਰ ਨਾਲ ਪੀੜਿਤ ਮਰੀਜ਼ਾਂ ਲਈ ਵੀ ਫਾਇਦੇਮੰਦ ਹਨ ।

**3. ਅਲਸੀ** : ਅਲਸੀ ਇਸਦੇ ਵਿਲੱਖਣ ਪੌਸ਼ਟਿਕ ਪ੍ਰੋਫਾਇਲ ਕਰਕੇ ਜਾਣੀ ਜਾਂਦੀ ਹੈ । ਇਹ ਆਸਾਨੀ ਨਾਲ ਹਜ਼ਮ ਹੋਣ ਲਈ ਪ੍ਰੋਟੀਨ ਦਾ ਚੰਗਾ ਸਰੋਤ ਹੁੰਦੇ ਹਨ । ਇਹ ਪ੍ਰਤੀ 100 ਗ੍ਰਾਮ 534 ਕੈਲੋਰੀ, 42 ਪ੍ਰਤੀਸ਼ਤ ਫੈਟ, 18 ਪ੍ਰਤੀਸ਼ਤ ਪ੍ਰੋਟੀਨ, 28 ਪ੍ਰਤੀਸ਼ਤ ਕੁੱਲ ਡਾਇਟਰੀ ਫਾਈਬਰ ਪ੍ਰਦਾਨ ਕਰਦੇ ਹਨ । ਅਲਸੀ ਵਿੱਚ ਅਲਫਾ-ਲਿਨੋਲੈਨਿਕ ਐਸਿਡ ਦੀ ਚੰਗੀ ਮਾਤਰਾ ਹੁੰਦੀ ਹੈ । ਅਲਸੀ ਦੇ ਬਹੁਤ ਸਾਰੇ ਫਾਇਦੇ ਹਨ ਅਤੇ ਇਹਨਾਂ ਨੂੰ ਇੱਕ ਫੰਕਸ਼ਨਲ ਫੂਡ ਆਧਾਰਿਤ ਮੰਨਿਆ ਜਾਂਦਾ ਹੈ । ਇਹ ਕੋਲੈਸਟਰੋਲ ਨੂੰ ਘਟਾਉਣ ਅਤੇ ਖੂਨ ਵਿੱਚ ਗੁਲੂਕੋਜ਼ ਨੂੰ ਨਿਯਮਤ ਕਰਨ ਵਿੱਚ ਸਹਾਇਕ ਹੁੰਦੇ ਹਨ । ਇਹ ਨਵ ਜੰਮੇ ਬੱਚਿਆਂ ਦੇ ਦਿਮਾਗ ਦੇ ਵਿਕਾਸ ਲਈ ਵੀ ਲਾਭਦਾਇਕ ਹੁੰਦੇ ਹਨ ।

**4. ਨਾਈਜਰ ਬੀਜ** : ਇਹ ਇਥੋਪੀਆ ਅਤੇ ਭਾਰਤ ਵਿੱਚ ਕਾਸ਼ਤ ਕੀਤੀ ਜਾਣ ਵਾਲੀ ਤੇਲ ਬੀਜ ਫਸਲ ਹੈ । ਨਾਈਜਰ ਬੀਜ ਪੌਸ਼ਟਿਕ ਤੱਤ ਦਾ ਖਜ਼ਾਨਾ ਹੈ । ਜਿਸ ਵਿੱਚ 483 ਕੈਲੋਰੀ, 10-25 ਪ੍ਰਤੀਸ਼ਤ ਪ੍ਰੋਟੀਨ ਅਤੇ 30-40 ਪ੍ਰਤੀਸ਼ਤ ਤੇਲ ਪ੍ਰਤੀ 100 ਗ੍ਰਾਮ ਹੁੰਦਾ ਹੈ । ਇਹਨਾਂ ਵਿੱਚ ਥਾਇਆਮੀਨ, ਰਾਇਬੋਫਲੇਵਿਨ, ਨਾਇਆਸਿਨ, ਕੈਲਸ਼ੀਅਮ ਅਤੇ ਫਾਸਫੋਰਸ ਹੁੰਦਾ ਹੈ । ਨਾਈਜਰ ਬੀਜ ਵਿੱਚ ਵਿਟਾਮਿਨ ਕੇ-1 ਚੰਗੀ ਮਾਤਰਾ ਵਿੱਚ ਹੁੰਦਾ ਹੈ । ਇਹ ਵਿਟਾਮਿਨ -ਈ ਦਾ ਵੀ ਚੰਗਾ ਸਰੋਤ ਹੈ । ਨਾਈਜਰ ਬੀਜ ਦਾ ਤੇਲ ਪੌਸ਼ਟਿਕ ਤੌਰ ਤੇ ਕੀਮਤੀ ਹੁੰਦਾ ਹੈ ਕਿਉਂਕਿ ਲਿਨੋਲਿਕ ਐਸਿਡ ਦੀ ਉੱਚੀ ਮਾਤਰਾ ਦਿਲ ਦੀਆਂ ਬਿਮਾਰੀਆਂ ਨੂੰ ਘੱਟ ਕਰਨ, ਇਨਸੁਲਿਨ ਦੀ ਸੰਵੇਦਨਸ਼ੀਲਤਾ ਵਿੱਚ ਸੁਧਾਰ ਕਰਨ ਅਤੇ ਅਰਥੀਥਿਮਿਆਸ ਨੂੰ ਘਟਾਉਣ ਵਿੱਚ ਮਦਦਗਾਰ ਹੁੰਦੀ ਹੈ । ਨਾਈਜਰ ਬੀਜ ਵਿੱਚ ਵਿਟਾਮਿਨ-ਕੇ ਹੁੰਦਾ ਹੈ ਜਿਹੜਾ ਕਿ ਕੋਇਨਜ਼ਾਇਮ ਦੇ ਤੌਰ ਤੇ ਕੰਮ ਕਰਦਾ ਹੈ ਅਤੇ ਖੂਨ ਨੂੰ ਜਮਾਉਣ ਵਾਲੇ ਅਤੇ ਹੱਡੀਆਂ ਦੇ ਮੈਟਾਬੋਲਿਜ਼ਮ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਪ੍ਰੋਟੀਨਾਂ ਦੇ ਸੰਸਲੇਸ਼ਣ ਵਿੱਚ ਸ਼ਾਮਲ ਹੁੰਦਾ ਹੈ ।

**5. ਸੂਰਜਮੁਖੀ** : ਸੂਰਜਮੁਖੀ ਦੇ ਬੀਜ ਲਗਭਗ ਸਾਰੇ ਪੌਸ਼ਟਿਕ ਪਦਾਰਥਾਂ ਨੂੰ ਚੰਗੀ ਮਾਤਰਾ ਵਿੱਚ ਪ੍ਰਦਾਨ ਕਰਦੇ ਹਨ । ਇਹ ਬੀ-ਵਿਟਾਮਿਨਾਂ ਦਾ ਸਰੋਤ ਹਨ ਜਿਹੜੇ ਕਿ ਦਿਮਾਗ ਦੇ ਚੰਗੇ ਵਿਕਾਸ ਲਈ ਮਹੱਤਵਪੂਰਨ ਹੁੰਦੇ ਹਨ ਅਤੇ ਇਹ ਵਿਟਾਮਿਨ-ਈ, ਮੈਗਨੀਸ਼ੀਅਮ, ਸਿਲੇਨੀਅਮ, ਕੌਪਰ, ਫਾਸਫੋਰਸ, ਫੋਲੇਟ, ਜ਼ਿੰਕ, ਕੈਲਸ਼ਿਅਮ ਅਤੇ ਪੋਟਾਸ਼ੀਅਮ ਦਾ ਬਹੁਤ ਵਧੀਆ ਸਰੋਤ ਹਨ । ਜ਼ਿੰਕ ਦੀ ਮੌਜੂਦਗੀ ਕਾਰਨ ਸੂਰਜਮੁਖੀ ਦੇ ਬੀਜ ਇਮਿਊਨ ਬੂਸਟਰ ਦਾ ਕੰਮ ਕਰਦੇ ਹਨ । ਇਹ ਕੋਲੈਸਟਰੋਲ ਨੂੰ ਘਟਾਉਣ, ਮਿਹਦੇ ਨੂੰ ਤੰਦਰੁਸਤ ਰੱਖਣ, ਕਈ ਤਰ੍ਹਾਂ ਦੇ ਰੋਗਾਂ ਜਿਵੇਂ ਕੈਂਸਰ, ਚਿੰਤਾਰੋਗ ਅਤੇ ਦਿਮਾਗ ਦੇ ਰੋਗਾਂ ਤੋਂ ਬਚਾਉਣ ਵਿੱਚ ਸਹਾਈ ਹੁੰਦੇ ਹਨ ।

**6. ਪੇਠੇ ਦੇ ਬੀਜ** : ਇਹ ਖਾਣ ਵਾਲੇ ਬੀਜ ਹਨ ਜੋ ਆਮ ਤੌਰ ਤੇ ਖਪਤ ਲਈ ਭੁੰਨੇ ਜਾਂਦੇ ਹਨ । ਪੇਠੇ ਦੇ ਬੀਜ ਅਮੀਨੋ ਐਸਿਡ ਜਿਵੇਂ ਕਿ ਅਲਾਨੀਨ, ਗਲਾਇਸੀਨ ਅਤੇ ਗਲੂਟੈਮਿਕ ਐਸਿਡ, ਜ਼ਿੰਕ ਅਤੇ ਓਮੇਗਾ-3 ਫੈਟੀ ਐਸਿਡ ਦਾ ਬਹੁਤ ਵਧੀਆ ਸਰੋਤ ਹਨ । ਇਸਦੇ ਵਿੱਚ ਮੈਗਨੀਸ਼ੀਅਮ, ਪੋਟਾਸ਼ੀਅਮ, ਕੈਲਸ਼ੀਅਮ, ਫਾਸਫੋਰਸ, ਆਇਰਨ, ਟੋਕੋਫਿਰੋਲ ਅਤੇ ਐਂਟੀਆਕਸਡੈਂਟ ਹੁੰਦੇ ਹਨ । ਪੇਠੇ ਦੇ ਬੀਜ ਵਿੱਚ ਮੌਜੂਦ ਮੈਗਨੀਸ਼ੀਅਮ ਹੱਡੀਆਂ ਦੇ ਬਣਨ, ਟਾਈਪ-2 ਸ਼ੂਗਰ ਤੋਂ ਬਚਾਉਣ, ਲਿਪਿਡ ਪ੍ਰੋਫਾਈਲ ਨੂੰ ਬਿਹਤਰ ਬਣਾਉਣ, ਤੰਦਰੁਸਤ ਵਜ਼ਨ ਅਤੇ ਮਿਹਦੇ ਨੂੰ ਠੀਕ ਕਰਨ ਵਿੱਚ ਮਦਦ ਕਰਦਾ ਹੈ । ਇਹਨਾਂ ਨੂੰ ਔਰਤਾਂ ਦੀਆਂ ਪਿਸ਼ਾਬ ਨਾਲ ਸੰਬੰਧਿਤ ਬਿਮਾਰੀਆਂ ਦੀ ਰੋਕਥਾਮ ਲਈ ਵਰਤਿਆ ਜਾਂਦਾ ਹੈ ।

**7. ਸਰ੍ਹੋਂ** : ਸਰ੍ਹੋਂ ਦੇ ਪੌਦੇ ਤੋਂ ਮਿਲਣ ਵਾਲੇ ਫਲਾਂ ਨੂੰ ਸਰ੍ਹੋਂ ਦੇ ਦਾਣੇ ਕਹਿੰਦੇ ਹਨ । ਇਹ ਬੀਜ ਲੋੜੀਂਦੇ ਤੇਲ ਵਿੱਚ ਉੱਚ ਹਨ ਅਤੇ 508 ਕੈਲੋਰੀ ਪ੍ਰਤੀ 100 ਗ੍ਰਾਮ ਦਿੰਦੇ ਹਨ । ਇਹ ਉੱਚ ਗੁੱਣਵੱਤਾ ਵਾਲੇ ਪ੍ਰੋਟੀਨ, ਥਾਇਆਮੀਨ, ਰਾਇਬੋਫਲੇਵਿਨ, ਨਾਇਆਸਿਨ, ਫੋਲੇਟ, ਮੈਗਨੀਜ਼, ਕੈਲਸ਼ੀਅਮ, ਕੌਪਰ, ਆਇਰਨ, ਸਿਲੇਨੀਅਮ, ਜ਼ਿੰਕ ਅਤੇ ਡਾਇਟਰੀ ਫਾਈਬਰ ਨਾਲ ਬਣੇ ਹੁੰਦੇ ਹਨ । ਇਹ ਫਾਈਟੋਨਿਊਟਰੀਐਂਟਸ ਅਤੇ ਐਂਟੀਆਕਸੀਡੈਂਟ ਦਾ ਚੰਗਾ ਸਰੋਤ ਹਨ । ਸਰ੍ਹੋਂ ਦੇ ਬੀਜ ਐਨਜ਼ਾਈਮ ਦੇ ਬਣਨ, ਦਿਮਾਗ ਦੇ ਸਹੀ ਕੰਮ, ਸਰੀਰਕ ਕਿਰਿਆਵਾਂ ਨੂੰ ਠੀਕ ਰੱਖਣ, ਖੂਨ ਵਿੱਚ ਕੋਲੈਸਟਰੋਲ ਨੂੰ ਘਟਾਉਣ, ਖੂਨ ਦੇ ਕਣਾਂ ਦੇ ਬਣਨ ਵਿੱਚ ਮਦਦ ਕਰਦੇ ਹਨ । ਇਹ ਚਮੜੀ, ਮਾਈਗਰੇਨ ਅਤੇ



ਚੰਗੀ ਨੀਂਦ ਲਈ ਲਾਭਕਾਰੀ ਹੁੰਦੇ ਹਨ । ਸਾਰੇ ਤੇਲ ਬੀਜਾਂ ਨੂੰ ਵੱਖ-ਵੱਖ ਉਤਪਾਦਾਂ ਵਿੱਚ 10 ਤੋਂ 30 ਪ੍ਰਤੀਸ਼ਤ ਤੱਕ ਸ਼ਾਮਿਲ ਕੀਤਾ ਜਾ ਸਕਦਾ ਹੈ ।

### ਅਲਸੀ ਪਿੰਨੀ

**ਸਮੱਗਰੀ** :

| | |
|---|---|
| ਅਲਸੀ | 100 ਗ੍ਰਾਮ |
| ਭੁੰਨਿਆ ਹੋਇਆ ਬੇਸਣ | 100 ਗ੍ਰਾਮ |
| ਸ਼ੱਕਰ/ਗੁੜ | 75 ਗ੍ਰਾਮ / 50 ਗ੍ਰਾਮ |
| ਦੇਸੀ ਘਿਓ | 15 ਗ੍ਰਾਮ |
| ਪਾਣੀ | ਲੋੜ ਅਨੁਸਾਰ |

**ਵਿਧੀ** : 1. ਇੱਕ ਕੜਾਹੀ ਵਿੱਚ ਸ਼ੱਕਰ ਅਤੇ ਪਾਣੀ ਪਾ ਕੇ 2 ਮਿੰਟ ਲਈ ਭੂਰਾ ਹੋਣ ਤੱਕ ਪਕਾਓ ।

2. ਇਸ ਵਿੱਚ ਦੇਸੀ ਘਿਓ ਪਾ ਦਿਓ ।

3. ਅਲਸੀ ਨੂੰ ਭੁੰਨ ਕੇ ਇਸ ਦਾ ਆਟਾ ਬਣਾ ਲਉ ।

4. ਅਲਸੀ ਦੇ ਆਟੇ ਅਤੇ ਬੇਸਣ ਨੂੰ ਪਹਿਲਾਂ ਤਿਆਰ ਕੀਤੇ ਮਿਸ਼ਰਣ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ ।

5. ਫਿਰ ਅੱਗ ਤੋਂ ਉਤਾਰ ਕੇ ਇਸਦੇ ਪੇੜੇ ਬਣਾ ਲਉ ।

### ਤਿਲ ਦੇ ਲੱਡੂ

**ਸਮੱਗਰੀ** :

| | |
|---|---|
| ਤਿਲ | 150 ਗ੍ਰਾਮ |
| ਇਲਾਇਚੀ ਪਾਊਡਰ | 1/8 ਛੋਟਾ ਚਮਚ |
| ਮੂੰਗਫਲੀ/ਬਦਾਮ/ਕਾਜੂ | ਮੁੱਠੀ ਭਰ |
| ਗੁੜ | 80 ਗ੍ਰਾਮ |

**ਵਿਧੀ** : 1. ਤਿਲਾਂ ਨੂੰ ਸੁੱਕਾ ਭੁੰਨ ਲਉ ਅਤੇ ਠੰਡਾ ਹੋਣ ਲਈ ਰੱਖ ਦਿਓ ।

2. ਦੂਜੇ ਪਾਸੇ ਮੂੰਗਫਲੀ ਨੂੰ ਸੁੱਕਾ ਭੁੰਨ ਲਉ ਅਤੇ ਗਿਲਾਸ ਦੇ ਹੇਠਲੇ ਹਿੱਸੇ ਨਾਲ ਮਸਲ ਲਓ ਤਾਂ ਜੋ ਉਸਦਾ ਛਿਲਕਾ ਉਤਰ ਜਾਵੇ ।

3. ਤਿਲ, ਗੁੜ ਅਤੇ ਇਲਾਇਚੀ ਨੂੰ ਪਾਊਡਰ ਕਰ ਲਉ ।

4. ਫਿਰ ਇਸਨੂੰ ਇੱਕ ਪਲੇਟ ਵਿੱਚ ਪਾ ਕੇ ਮੂੰਗਫਲੀ ਮਿਲਾ ਦਿਓ ।

5. ਫਿਰ ਇਸਦੇ ਛੋਟੇ-ਛੋਟੇ ਪੇੜੇ ਬਣਾ ਲਓ ।

6. ਤਿਲ ਦੇ ਲੱਡੂਆਂ ਨੂੰ ਹਵਾ ਅਤੇ ਪਾਣੀ ਤੋਂ ਰਹਿਤ ਬੰਦ ਡਿੱਬੇ ਵਿੱਚ ਰੱਖੋ ।

### ਮੂੰਗਫਲੀ ਕੁੱਕੀਜ਼

**ਸਮੱਗਰੀ** :

| | |
|---|---|
| ਮੈਦਾ | 250 ਗ੍ਰਾਮ |
| ਮੂੰਗਫਲੀ | 100 ਗ੍ਰਾਮ |
| ਘਿਉ | 175 ਗ੍ਰਾਮ |
| ਨਮਕ | 1 ਚੁਟਕੀ |
| ਪੀਸੀ ਖੰਡ | 175 ਗ੍ਰਾਮ |
| ਬੇਕਿੰਗ ਪਾਊਡਰ | ਅੱਧਾ ਛੋਟਾ ਚਮਚ |
| ਅੰਡਾ | 2 |
| ਵੈਨੀਲਾ ਈਸੈਂਸ | 1/4 ਛੋਟਾ ਚਮਚ |

**ਵਿਧੀ** : 1. ਮੈਦਾ ਅਤੇ ਬੇਕਿੰਗ ਪਾਊਡਰ ਨੂੰ ਇਕੱਠੇ 2-3 ਵਾਰ ਛਾਣੋ ।

2. ਘਿਉ ਅਤੇ ਖੰਡ ਨੂੰ ਕਰੀਮ ਕਰੋ ਜਦੋਂ ਤੱਕ ਹਲਕਾ ਅਤੇ ਫੁੱਲਿਆ ਹੋਇਆ ਮਿਸ਼ਰਣ ਨਾ ਬਣ ਜਾਵੇ ।

3. ਅੰਡੇ ਵਿੱਚ ਵੈਨੀਲਾ ਈਸੈਂਸ ਪਾ ਕੇ ਚੰਗੀ ਤਰ੍ਹਾਂ ਫੈਂਟੋ ਅਤੇ ਇਸ ਨੂੰ ਕਰੀਮ ਕੀਤੇ ਹੋਏ ਮਿਸ਼ਰਣ ਵਿੱਚ ਮਿਲਾਉ ।

4. 75 ਗ੍ਰਾਮ ਮੂੰਗਫਲੀ ਲੈ ਕੇ ਉਸ ਨੂੰ ਪੀਸ ਲਉ ਅਤੇ ਬਾਕੀ 25 ਗ੍ਰਾਮ ਮੂੰਗਫਲੀ ਉਸੇ ਤਰ੍ਹਾਂ ਹੀ ਰੱਖੋ ।

5. ਪੀਸੀ ਹੋਈ ਮੂੰਗਫਲੀ ਨੂੰ ਛਾਣੇ ਹੋਏ ਮੈਦੇ ਵਿੱਚ ਮਿਲਾ ਲਉ ।

6. ਹੁਣ ਪਹਿਲਾਂ ਤਿਆਰ ਕੀਤੇ ਮਿਸ਼ਰਣ ਵਿੱਚ ਮੈਦਾ ਅਤੇ ਮੂੰਗਫਲੀ ਦਾ ਮਿਸ਼ਰਣ ਮਿਲਾਉ ਅਤੇ ਹੱਥ ਨਾਲ ਗੁੰਨ ਕੇ ਨਰਮ ਜਿਹਾ ਡੋਹ ਤਿਆਰ ਕਰ ਲਉ ।

7. ਇਸ ਮਿਸ਼ਰਣ ਤੋਂ ਇਕੋ ਜਿਹੇ ਆਕਾਰ ਦੇ 1/2'' ਦੇ ਪੇੜੇ ਬਣਾਉ ਅਤੇ ਉਨ੍ਹਾਂ ਨੂੰ ਬੇਕਿੰਗ ਟਰੇਅ ਵਿੱਚ ਰੱਖੋ ।

8. ਹਰੇਕ ਪੇੜੇ ਦੇ ਉੱਪਰ ਇੱਕ ਮੂੰਗਫਲੀ ਦੀ ਗਿਰੀ ਲਗਾਉ ਅਤੇ ਹੌਲੀ ਜਿਹੀ ਦਬਾ ਦਿਉ ।

9. 180°C ਤੇ 20 ਤੋਂ 25 ਮਿੰਟ ਲਈ ਬੇਕ ਕਰੋ ।

ਪ੍ਰਵਾਸੀ ਪੰਛੀ ਲਗਭਗ ਸੱਤ-ਅੱਠ ਹਜ਼ਾਰ ਕਿਲੋਮੀਟਰ ਤੋਂ ਵੀ ਲੰਬਾ ਸਫਰ ਤੈਅ ਕਰਦੇ ਹਨ। ਹੁਣ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਪੰਛੀ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਿਵੇਂ ਕਰਦੇ ਹਨ, ਕਿਹੜੀਆਂ ਹਾਲਤਾਂ ਹਨ ਜੋ ਇਨ੍ਹਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਸਾਇੰਸਦਾਨ ਮੰਨਦੇ ਹਨ ਕਿ ਦਿਨ ਵੇਲੇ ਇਹ ਪੰਛੀ ਸੂਰਜ ਨੂੰ ਕੰਪਾਸ ਦੀ ਤਰ੍ਹਾਂ ਵਰਤ ਕੇ ਦਿਸ਼ਾਵਾਂ ਦਾ ਗਿਆਨ ਲੈਂਦੇ ਹਨ ਅਤੇ ਰਾਤ ਸਮੇਂ ਇਹ ਪੰਛੀ ਧਰਤੀ ਦੀ ਚੁੰਬਕੀ ਸ਼ਕਤੀ ਅਤੇ ਤਾਰਿਆਂ ਦਾ ਪ੍ਰਯੋਗ ਸਹੀ ਰਸਤੇ ਨੂੰ ਚੁਣਨ ਲਈ ਕਰਦੇ ਹਨ। ਇਸ ਤੋਂ ਇਲਾਵਾ ਅਜਿਹੇ ਪੱਤੀਆਂ ਨੂੰ ਕੁਦਰਤ ਵਲੋਂ ਅੰਦਰੂਨੀ ਯੋਗਤਾ ਵੀ ਬਖਸ਼ੀ ਗਈ ਹੈ ਜੋ ਇਨ੍ਹਾਂ ਨੂੰ ਹਿਜਰਤ ਕਰਨ ਲਈ ਸਹਾਇਕ ਹੁੰਦੀ ਹੈ। ਹਰ ਵਾਰ ਅਜਿਹਾ ਨਹੀਂ ਹੁੰਦਾ ਕਿ ਨਵੇਂ ਪਰਿੰਦੇ ਪੁਰਾਣੇ ਤਜਰਬੇਕਾਰ ਪਰਿੰਦਿਆਂ ਨਾਲ ਹੀ ਪ੍ਰਵਾਸ ਕਰਨਗੇ। ਜਦੋਂ ਨਵੇਂ ਪਰਿੰਦੇ ਆਪਣਾ ਪਹਿਲਾ ਪ੍ਰਵਾਸ ਕਰਦੇ ਹਨ ਤਾਂ ਵੀ ਉਹ ਬਿਲਕੁਲ ਸਹੀ ਦਿਸ਼ਾ ਅਤੇ ਸਹੀ ਟਿਕਾਣੇ 'ਤੇ ਪੁੱਜਦੇ ਹਨ। ਇਹ ਗੁਣ ਇਨ੍ਹਾਂ ਨੂੰ ਕੁਦਰਤ ਵਲੋਂ ਬਖਸ਼ੇ ਗਏ ਹਨ।



# ਚੁਣੌਤੀਆਂ ਭਰੇ ਸਫਰ ਦੀ ਮਿਸਾਲ ਹੈ ਪਰਿੰਦਿਆਂ ਦਾ ਪ੍ਰਵਾਸ

ਪ੍ਰਵਾਸ ਇਕ ਅਜਿਹਾ ਲੰਬਾ ਸਫਰ ਹੈ ਜੋ ਸਜੀਵ ਪ੍ਰਾਣੀਆਂ ਵਲੋਂ ਆਪਣੇ ਜੀਵਨ ਦੀ ਚਾਲ ਨੂੰ ਬਚਾਈ ਰੱਖਣ ਲਈ ਜ਼ਰੂਰੀ ਹੈ। ਸਮਾਂ, ਹਾਲਾਤ ਜਾਂ ਵਾਤਾਵਰਨ ਕਦੀ ਕਦਾਈਂ ਅਜਿਹੇ ਉਲਟ ਮਾਹੌਲ ਪੈਦਾ ਕਰ ਦਿੰਦੇ ਹਨ ਜਿਸ ਕਾਰਨ ਜਾਨਵਰਾਂ, ਪਸ਼ੂਆਂ-ਪੰਛੀਆਂ ਅਤੇ ਮਨੁੱਖ ਨੂੰ ਦਾਣਿਆਂ ਦੀ ਭਾਲ ਜਾਂ ਜੀਵਨ ਨੂੰ ਹੋਰ ਕਰੋਪੀਆਂ ਤੋਂ ਬਚਾਉਣ ਲਈ ਇਕ ਥਾਂ ਤੋਂ ਦੂਸਰੀ ਥਾਂ ਵੱਲ ਜਾਣਾ ਪੈਂਦਾ ਹੈ। ਪ੍ਰਵਾਸ ਭਾਵ ਮਾਈਗਰੇਸ਼ਨ ਸ਼ਬਦ ਲਾਤੀਨੀ ਭਾਸ਼ਾ ਤੋਂ ਆਇਆ ਹੈ। ਪੰਛੀਆਂ ਵਿਚ ਇਹ ਦੋ ਤਰਫੀ ਪ੍ਰਕਿਰਿਆ ਹੁੰਦੀ ਹੈ ਜੋ ਕਿ ਆਪਣੇ ਨਿੱਜ ਘਰ ਤੋਂ ਦੂਸਰੀ ਥਾਂ ਕਿਸੇ ਉਦੇਸ਼ ਪੂਰਤੀ ਲਈ ਜਾਣਾ ਤੇ ਫਿਰ ਸਮਾਂ ਪਾ ਕੇ ਆਪਣੇ ਪਹਿਲੇ ਟਿਕਾਣੇ 'ਤੇ ਵਾਪਸ ਆ ਜਾਣਾ। ਜੇ ਗੱਲ ਕਰੀਏ ਪੰਛੀਆਂ ਦੇ ਪ੍ਰਵਾਸ ਦੀ ਤਾਂ ਸਾਡੇ ਦੇਸ਼ ਵਿਚ ਹੋਰ ਦੇਸ਼ਾਂ ਤੋਂ ਬਹੁਤ ਸਾਰੇ ਪੰਛੀ ਆਉਣੇ ਸ਼ੁਰੂ ਹੋ ਗਏ ਹਨ। ਦੂਸਰੇ ਦੇਸ਼ਾਂ ਵਿਚ ਜਦੋਂ ਸੀਤ ਹਵਾਵਾਂ ਚਲਦੀਆਂ ਹਨ ਤੇ ਮੌਸਮ ਬਹੁਤ ਜ਼ਿਆਦਾ ਠੰਢਾ ਅਤੇ ਚੁਣੌਤੀ ਭਰਪੂਰ ਹੋ ਜਾਂਦਾ ਹੈ ਤਾਂ ਬਹੁਤ ਸਾਰੇ ਪੰਛੀਆਂ ਦੀਆਂ ਅਜਿਹੀਆਂ ਪ੍ਰਜਾਤੀਆਂ ਹਨ ਜਿਨ੍ਹਾਂ ਦੇ ਜੀਵਨ ਅਤੇ ਪ੍ਰਜਨਣ ਦੇ ਅਨੁਕੂਲ ਤੋਂ ਮੌਸਮ ਉਲਟ ਹੋ ਜਾਂਦਾ ਹੈ। ਤਾਂ ਅਜਿਹੇ ਪੰਛੀਆਂ ਨੂੰ ਮਜਬੂਰਨ ਹਜ਼ਾਰਾਂ ਕਿਲੋਮੀਟਰ ਦਾ ਸੰਘਰਸ਼ਪੂਰਨ ਸਫਰ ਤੈਅ ਕਰ ਕੇ ਦੂਸਰੇ ਦੇਸ਼ਾਂ ਨੂੰ ਉਡਾਰੀ ਮਾਰਨੀ ਪੈਂਦੀ ਜਿਥੇ ਮੌਸਮ ਉਨ੍ਹਾਂ ਦੇ ਅਨੁਕੂਲ ਹੁੰਦਾ ਹੈ। ਪੰਛੀ ਦੋ ਤਰ੍ਹਾਂ ਦੇ ਹੁੰਦੇ ਹਨ ਇਕ ਪ੍ਰਵਾਸੀ ਪੰਛੀ ਅਤੇ ਦੂਜੇ ਪੱਕੇ ਵਸਨੀਕ ਜੋ ਕਿ ਆਪਣੇ ਆਪ ਨੂੰ ਹਰ ਮੌਸਮ ਵਿਚ ਜ਼ਿੰਦਾ ਬਣਾਈ ਰੱਖਣ ਲਈ ਯਤਨਸ਼ੀਲ ਹੁੰਦੇ ਹਨ। ਪ੍ਰਵਾਸ ਕਈ ਪ੍ਰਕਾਰ ਦਾ ਹੁੰਦਾ ਹੈ। ਜਿਵੇਂ ਕਿ ਵਰਟੀਕਲ ਪ੍ਰਵਾਸ ਇਹ ਉਹ ਪੰਛੀ ਕਰਦੇ ਹਨ ਜੋ ਕਿ ਬਹੁਤ ਹੀ ਉੱਚੀਆਂ ਚੋਟੀਆਂ 'ਤੇ ਰਹਿੰਦੇ ਹਨ। ਜਦੋਂ ਹੱਦੋਂ ਜ਼ਿਆਦਾ ਠੰਡ ਕਾਰਨ ਮੌਸਮ ਵਿਚ ਬਦਲਾਅ ਹੁੰਦਾ ਹੈ ਤਾਂ ਇਹ ਪੰਛੀ ਉੱਪਰੋਂ ਧਰਾਤਲ ਵੱਲ ਆ ਜਾਂਦੇ ਹਨ। ਇਹ ਘੱਟ ਦੂਰੀ ਦਾ ਪ੍ਰਵਾਸ ਹੁੰਦਾ ਹੈ। ਦੂਜਾ ਪ੍ਰਵਾਸ ਦਿਸ਼ਾਵਾਂ ਵੱਲ ਹੁੰਦਾ ਹੈ ਜੋ ਕਿ ਲੰਬਾ ਸਫਰ ਹੁੰਦਾ ਹੈ। ਇਹ ਪੂਰਬ ਤੋਂ ਪੱਛਮ ਆਦਿ ਵੱਲ ਹੁੰਦਾ ਹੈ ਜਿਸ ਨੂੰ ਲੌਂਗੀਟਿਊਟਨਲ ਪ੍ਰਵਾਸ ਵੀ ਕਿਹਾ ਜਾ ਸਕਦਾ ਹੈ। ਕਈ ਪੰਛੀਆਂ ਦਾ ਪ੍ਰਵਾਸ ਉੱਤਰ ਤੋਂ ਦੱਖਣ ਜਾਂ ਦੱਖਣ ਤੋਂ ਉੱਤਰ ਵੱਲ ਹੁੰਦਾ ਹੈ। ਜਿਸ ਨੂੰ ਲੈਟੀਟਿਊਟਨਲ ਪ੍ਰਵਾਸ ਵੀ ਕਹਿ ਸਕਦੇ ਹਾਂ। ਅਜਿਹਾ ਪ੍ਰਵਾਸ ਮੌਸਮੀ ਹੁੰਦਾ ਹੈ ਜੋ ਕਿ ਠੰਢ-ਗਰਮੀ 'ਤੇ ਨਿਰਧਾਰਤ ਹੁੰਦਾ ਹੈ। ਦਹਾਕਿਆਂ ਦੀਆਂ ਖੋਜਾਂ ਤੋਂ ਸਾਇੰਸਦਾਨਾਂ ਤੇ ਮਾਹਿਰਾਂ ਨੇ ਇਨ੍ਹਾਂ ਪਰਿੰਦਿਆਂ ਦੇ ਪ੍ਰਵਾਸ ਲਈ ਵਰਤੇ ਜਾਂਦੇ ਰਸਤਿਆਂ ਬਾਰੇ ਪਤਾ ਲਾਇਆ ਹੈ। ਤਕਰੀਬਨ ਅੱਠ ਤੋਂ ਦਸ ਰਸਤੇ ਅਜਿਹੇ ਪਾਏ ਗਏ ਹਨ ਜਿਨ੍ਹਾਂ ਰਾਹੀਂ ਪ੍ਰਵਾਸੀ ਪੰਛੀ ਜ਼ਿਆਦਾ ਹਿਜ਼ਰਤ ਕਰਦੇ ਹਨ ਜਿਨ੍ਹਾਂ ਨੂੰ ਇੰਟਰਨੈਸ਼ਨਲ ਉਡਣ ਰਸਤੇ ਵੀ ਕਿਹਾ ਜਾਂਦਾ ਹੈ। ਹਿਜ਼ਰਤ ਕਰਕੇ ਆਉਣ ਵਾਲਾ ਪੰਛੀ ਕੂੰਜ ਸਾਡੇ ਦੇਸ਼ ਵਿਚ ਬਹੁਤ ਮਸ਼ਹੂਰ ਪ੍ਰਵਾਸੀ ਪਰਿੰਦਾ ਹੈ ਜੋ ਕਿ ਅੰਗਰੇਜ਼ੀ ਦੇ ਅੱਖਰ 'ਵੀ' ਆਕਾਰ ਵਿਚ ਉੱਡਦੇ ਦੇਖੇ ਜਾ ਸਕਦੇ ਹਨ। ਇਸ ਦਾ ਜ਼ਿਕਰ ਅਕਸਰ ਗੀਤਾਂ ਅਤੇ ਕਵਿਤਾਵਾਂ ਵਿਚ ਵੀ ਮਿਲਦਾ ਹੈ। ਗੁਰਬਾਣੀ ਵੀ ਇਨ੍ਹਾਂ ਪੰਛੀਆਂ ਦਾ ਪ੍ਰਵਾਸ ਦੌਰਾਨ ਉਨ੍ਹਾਂ ਦੇ ਬੱਚਿਆਂ ਨੂੰ ਭੋਜਨ ਪ੍ਰਾਪਤੀ ਅਤੇ ਜੀਵਨ ਜਿਊਣ ਦੀ ਊਰਜਾ ਦਾ ਵਰਨਣ ਕਰਦੀ ਹੈ।

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥

ਪ੍ਰਵਾਸੀ ਪੰਛੀ ਲਗਭਗ ਸੱਤ-ਅੱਠ ਹਜ਼ਾਰ ਕਿਲੋਮੀਟਰ ਤੋਂ ਵੀ ਲੰਬਾ ਸਫਰ ਤੈਅ ਕਰਦੇ ਹਨ। ਹੁਣ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਪੰਛੀ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਿਵੇਂ ਕਰਦੇ ਹਨ, ਕਿਹੜੀਆਂ ਹਾਲਤਾਂ ਹਨ ਜੋ ਇਨ੍ਹਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਸਾਇੰਸਦਾਨ ਮੰਨਦੇ ਹਨ ਕਿ ਦਿਨ ਵੇਲੇ ਇਹ ਪੰਛੀ ਸੂਰਜ ਨੂੰ ਕੰਪਾਸ ਦੀ ਤਰ੍ਹਾਂ ਵਰਤ ਕੇ ਦਿਸ਼ਾਵਾਂ ਦਾ ਗਿਆਨ ਲੈਂਦੇ ਹਨ ਅਤੇ ਰਾਤ ਸਮੇਂ ਇਹ ਪੰਛੀ ਧਰਤੀ ਦੀ ਚੁੰਬਕੀ ਸ਼ਕਤੀ ਅਤੇ ਤਾਰਿਆਂ ਦਾ ਪ੍ਰਯੋਗ ਸਹੀ ਰਸਤੇ ਨੂੰ ਚੁਣਨ ਲਈ ਕਰਦੇ ਹਨ। ਇਸ ਤੋਂ ਇਲਾਵਾ ਅਜਿਹੇ ਪੱਤੀਆਂ ਨੂੰ ਕੁਦਰਤ ਵਲੋਂ ਅੰਦਰੂਨੀ ਯੋਗਤਾ ਵੀ ਬਖਸ਼ੀ ਗਈ ਹੈ ਜੋ ਇਨ੍ਹਾਂ ਨੂੰ ਹਿਜਰਤ ਕਰਨ ਲਈ ਸਹਾਇਕ ਹੁੰਦੀ ਹੈ। ਹਰ ਵਾਰ ਅਜਿਹਾ ਨਹੀਂ ਹੁੰਦਾ ਕਿ ਨਵੇਂ ਪਰਿੰਦੇ ਪੁਰਾਣੇ ਤਜਰਬੇਕਾਰ ਪਰਿੰਦਿਆਂ ਨਾਲ ਹੀ ਪ੍ਰਵਾਸ ਕਰਨਗੇ। ਜਦੋਂ ਨਵੇਂ ਪਰਿੰਦੇ ਆਪਣਾ ਪਹਿਲਾ ਪ੍ਰਵਾਸ ਕਰਦੇ ਹਨ ਤਾਂ ਵੀ ਉਹ ਬਿਲਕੁਲ ਸਹੀ ਦਿਸ਼ਾ ਅਤੇ ਸਹੀ ਟਿਕਾਣੇ 'ਤੇ ਪੁੱਜਦੇ ਹਨ। ਇਹ ਗੁਣ ਇਨ੍ਹਾਂ ਨੂੰ ਕੁਦਰਤ ਵਲੋਂ ਬਖਸ਼ੇ ਗਏ ਹਨ। ਭਾਰਤ ਵਿਚ ਵੀ ਇਹ ਪਰਿੰਦੇ ਬਹੁਤ ਥਾਵਾਂ 'ਤੇ ਆ ਕੇ ਪ੍ਰਜਨਣ ਅਤੇ ਆਰਾਮ ਕਰਦੇ ਹਨ। ਅਜਿਹੀਆਂ ਥਾਵਾਂ ਨੂੰ ਜਲਗਾਹ ਭਾਵ ਵੈਟਲੈਂਡ ਕਿਹਾ ਜਾਂਦਾ ਹੈ। ਯੂਨੈਸਕੋ ਵੱਲੋਂ ਵੀ ਇਨ੍ਹਾਂ ਪ੍ਰਜਾਤੀਆਂ ਨੂੰ ਲੁਪਤ ਹੋਣ ਤੋਂ ਬਚਾਉਣ ਲਈ ਵੈਟਲੈਂਡਜ਼ ਨੂੰ ਬਚਾਉਣ ਲਈ ਈਰਾਨ ਦੇ ਸ਼ਹਿਰ ਰਾਮਸਰ ਵਿਖੇ 2 ਫਰਵਰੀ, 1971 ਵਿਚ ਹੋਰ ਦੇਸ਼ਾਂ ਨਾਲ ਮਿਲ ਕੇ ਇਕ ਸੰਧੀ ਕੀਤੀ ਗਈ ਸੀ ਜਿਸ ਨੂੰ ਰਾਮਸਰ ਕਨਵੈਨਸ਼ਨ ਕਿਹਾ ਜਾਂਦਾ ਹੈ। ਭਾਰਤ ਵਿਚ ਮੌਜੂਦਾ ਸਮੇਂ ਵਿਚ ਲੱਗਭਗ 75 ਰਾਮਸਰ ਸਾਈਟਜ਼ ਹਨ। ਜੇ ਪੰਜਾਬ ਦੇ ਵੈਟਲੈਂਡਜ਼ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚ 6 ਅਜਿਹੇ ਖੇਤਰ ਹਨ ਜੋ ਰੋਪੜ, ਹਰੀਕੇ, ਕਾਂਝਲੀ, ਬਿਆਸ, ਨੰਗਲ ਅਤੇ ਕੇਸ਼ੋਪੁਰ-ਮਿਆਣੀ ਦੇ ਖੇਤਰ ਹਨ। ਕੁਝ ਦਿਨ ਪਹਿਲਾਂ ਹੀ ਹਰੀਕੇ ਝੀਲ 'ਤੇ ਅਜਿਹੇ ਪੰਛੀਆਂ ਦੀ ਆਮਦ ਸ਼ੁਰੂ ਹੋ ਚੁੱਕੀ ਹੈ ਜੋ ਕਿ ਰੂਸ, ਸਾਇਬੇਰੀਆ, ਮੰਗੋਲੀਆ ਅਤੇ ਹੋਰ ਵੱਖਰੇ ਦੇਸ਼ਾਂ ਤੋਂ ਆਉਂਦੇ ਹਨ। ਜਿਨ੍ਹਾਂ ਦੇਸ਼ਾਂ ਵਿਚ ਝੀਲਾਂ ਵਿਚ ਬਰਫ ਜੰਮਣ ਕਾਰਨ ਭੋਜਨ, ਰਹਿਣਾ, ਪ੍ਰਜਨਣ ਹੋਰ ਕਿਰਿਆਵਾਂ ਸੰਭਵ ਨਹੀਂ ਹੋ ਸਕਦੀਆਂ। ਉਂਝ ਤਾਂ ਭਾਰਤ ਵਿਚ ਬਹੁਤ ਸਾਰੀਆਂ ਪ੍ਰਜਾਤੀਆਂ ਦੇ ਪਰਿੰਦੇ ਹਰ ਸਾਲ ਪ੍ਰਦੇਸ਼ਾਂ ਤੋਂ ਸਿਰਕਤ ਕਰ ਕੇ ਆਉਂਦੇ ਹਨ ਜਿਵੇਂ ਪ੍ਰਮੁੱਖ ਤੌਰ 'ਤੇ Siberian Cranes, Ruff, Greater Flamingo, Northern Shoveler, Rosy, Pelican, Gadwall, Black-tailed Godwit, Spotted Red-shank, Bluethroat, Black-crowned Night Heron, Eurasian Golden Oriole, Comb Duck, Blue-cheeked Bee Eater ਅਤੇ ਬਹੁਤ ਸਾਰੀਆਂ ਪ੍ਰਜਾਤੀਆਂ ਦੇ ਪੰਛੀ ਹਨ ਜੋ ਕਿ ਭਾਰਤ ਤੋਂ ਬਿਨਾਂ ਪਾਕਿਸਤਾਨ ਤੇ ਹੋਰ ਮੁਲਕਾਂ ਵੱਲ ਆਪਣਾ ਸਫਰ ਪੂਰਾ ਕਰਦੇ ਹਨ। ਜੇ ਹਰੀਕੇ ਝੀਲ ਦੀ ਗੱਲ ਕੀਤੀ ਜਾਵੇ ਤਾਂ ਤਕਰੀਬਨ 40,000 ਤੋਂ ਜ਼ਿਆਦਾ ਪੰਛੀਆਂ ਦੀ ਆਮਦ ਇਸ ਸਥਾਨ 'ਤੇ ਹੁੰਦੀ ਹੈ ਜਿਨ੍ਹਾਂ ਨੂੰ ਦੇਖਣ ਲਈ ਸੈਂਕੜੇ ਸੈਲਾਨੀ ਦੂਰ-ਦੁਰਾਡੇ ਤੋਂ ਇਨ੍ਹਾਂ ਦੀ ਮਨ-ਮੋਹਕ ਚਹਿਲ-ਪਹਿਲ ਤੇ ਅਦਭੁੱਤ ਨਜ਼ਾਰੇ ਦਾ ਆਨੰਦ ਲੈਣ ਲਈ ਹਰ ਸਾਲ ਇਥੇ ਪੁੱਜਦੇ ਹਨ। ਇਹ ਪਰਿੰਦੇ ਪ੍ਰਵਾਸ ਕਰਨ ਤੋਂ ਪਹਿਲਾਂ ਆਪਣੇ ਸਰੀਰ ਵਿਚ ਆਪਣੇ ਲੰਬੇ ਸਫਰ ਲਈ ਫੈਟ ਜਮ੍ਹਾਂ ਕਰ ਲੈਂਦੇ ਹਨ ਜੋ ਕਿ ਸਫਰ ਦੌਰਾਨ ਉਡਣ ਲਈ ਊਰਜਾ ਪੈਦਾ ਕਰਨ ਦੇ ਕੰਮ ਆਉਂਦੀ ਹੈ। ਜ਼ਿਆਦਾਤਰ ਪ੍ਰਵਾਸੀ ਪੰਛੀ 30,000 ਫੁੱਟ ਦੀ ਜ਼ਿਆਦਾ ਉੱਚਾਈ 'ਤੇ ਹੀ ਉੱਡਦੇ ਹਨ। ਅੰਗਰੇਜ਼ੀ ਦੇ 'ਵੀ' ਆਕਾਰ ਦੀ ਆਕ੍ਰਿਤੀ ਵਿਚ ਉਡਣ ਨਾਲ ਇਨ੍ਹਾਂ ਨੂੰ ਇਕ ਦੂਜੇ ਵਲੋਂ ਵਰਤੀ ਜਾਂਦੀ ਹਵਾ ਨਾਲ ਮਦਦ ਮਿਲਦੀ ਹੈ ਜਿਸ ਸਦਕਾ ਇਨ੍ਹਾਂ ਪਰਿੰਦਿਆਂ ਦੀ ਕਾਫੀ ਊਰਜਾ ਬਚ ਜਾਂਦੀ ਹੈ, ਇਸ ਤਰ੍ਹਾਂ ਸਾਰੇ ਪੰਛੀ ਵਾਰੀ ਵਾਰੀ ਲੀਡਰ ਬਣ ਕੇ ਬਾਕੀਆਂ ਨੂੰ ਊਰਜਾ ਬਚਾਉਣ ਲਈ 'ਵੀ' ਆਕਾਰ ਵਿਚ ਉੱਡਣ ਵਿਚ ਸਹਿਯੋਗ ਕਰਦੇ ਹਨ। ਕਈ ਹੋਰ ਦੇਸ਼ਾਂ ਵਿਚਲੇ ਪ੍ਰਵਾਸੀ ਪੰਛੀ ਜਦੋਂ ਆਪਣੀ ਮੰਜ਼ਿਲ 'ਤੇ ਪੁੱਜਦੇ ਹਨ ਤਾਂ ਇਹ ਹਜ਼ਾਰਾਂ ਦੀ ਗਿਣਤੀ ਵਿਚ ਆਸਮਾਨ ਵਿਚ ਝੁੰਡਾ ਦੇ ਰੂਪ ਵਿਚ ਨ੍ਰਿਤ ਕਰਦੇ ਦਿਖਾਈ ਦਿੰਦੇ ਹਨ ਜੋ ਕਿ ਵੱਖ-ਵੱਖ ਆਕ੍ਰਿਤੀਆਂ ਬਣਾਉਂਦੇ ਹਨ ਜਿਸ ਦਾ ਨਜ਼ਾਰਾ ਦੇਖਣ ਵਿਚ ਬਹੁਤ ਮਨਮੋਹਕ ਲਗਦਾ ਹੈ। ਇਹ ਅਜਿਹਾ ਕਿਉਂ ਤੇ ਕਿਵੇਂ ਕਰਦੇ ਹਨ, ਇਹ ਸ਼ਿਕਾਰ ਹੋਣ ਤੋਂ ਬਚਣ ਲਈ ਅਜਿਹਾ ਕਰਦੇ ਹਨ। ਸਾਇੰਸ ਮੰਨਦੀ ਹੈ ਕਿ ਅਜਿਹੇ ਵਿਹਾਰ ਦੇ ਪਿੱਛੇ ਵਿਗਿਆਨਕ ਤੇ ਕੁਦਰਤੀ ਕਾਰਨ ਹਨ।

ਭੌਤਿਕ ਵਿਗਿਆਨ ਇਹ ਕਹਿੰਦਾ ਹੈ ਕਿ ਇਨ੍ਹਾਂ ਪੰਛੀਆਂ ਦੀ ਗਤੀਵਿਧੀ ਐਕਟਿਵ ਮੋਟਰ ਦੀ ਤਰ੍ਹਾਂ ਹੁੰਦੀ ਹੈ ਜਿਸ ਵਿਚ ਜ਼ਿਆਦਾ ਗਿਣਤੀ ਵਿਚ ਏਜੰਟ ਹੁੰਦੇ ਹਨ। ਹਰ ਇਕ ਕਣ ਦੂਜੇ ਕਣ ਨੂੰ ਮਹਿਸੂਸ ਕਰ ਇਕੋ ਜਿਹਾ ਹੀ ਵਿਹਾਰ ਕਰਦੇ ਹਨ। ਅਜਿਹੀਆਂ ਗਤੀਵਿਧੀਆਂ ਤੇ ਕਲਾ ਮੱਛੀਆਂ, ਕੀੜੀਆਂ ਤੇ ਬੈਕਟੀਰੀਆ ਵਿਚ ਵੀ ਹੁੰਦੀ ਜਿਸ ਸਦਕਾ ਹੀ ਉਨ੍ਹਾਂ ਨੂੰ ਦਿਸ਼ਾ ਚੁਣਨ ਤੇ ਗਤੀਵਿਧੀ ਕਰਨ ਦੇ ਸੰਕੇਤ ਇਕ-ਦੂਜੇ ਤੋਂ ਹੀ ਮਿਲਦੇ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਸੈਂਕੜੇ ਰਹੱਸ ਇਨ੍ਹਾਂ ਪ੍ਰਵਾਸੀ ਪੰਛੀਆਂ ਦੇ ਅਜੇ ਉਜਾਗਰ ਨਹੀਂ ਹੋਏ ਜਿਨ੍ਹਾਂ ਨੂੰ ਸਾਇੰਸ ਅਜੇ ਖੋਜ ਰਹੀ ਹੈ। ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪੰਛੀਆਂ ਦੀਆਂ ਲੁਪਤ ਹੋ ਰਹੀਆਂ ਪ੍ਰਜਾਤੀਆਂ ਦੇ ਕਾਰਨਾਂ ਨੂੰ ਪਛਾਣ ਕੇ ਉਨ੍ਹਾਂ ਦੀਆਂ ਨਸਲਾਂ ਨੂੰ ਬਚਾਉਣ ਦਾ ਯਤਨ ਕਰੀਏ। ਸਾਡੇ ਦੇਸ਼ ਵਿਚ ਹਰ ਸਾਲ ਆਉਂਦੇ ਮਹਿਮਾਨ ਪਰਿੰਦਿਆਂ ਦੀ ਸੁਰੱਖਿਆ ਨੂੰ ਲੈ ਕੇ ਵਣ ਵਿਭਾਗ ਨੂੰ ਪੂਰੀ ਤਰ੍ਹਾਂ ਮੁਸਤੈਦ ਰਹਿਣਾ ਪਵੇਗਾ ਅਤੇ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਨ੍ਹਾਂ ਪੰਛੀਆਂ ਦੀ ਸੁਰੱਖਿਆ ਅਤੇ ਹੋਰ ਵਸੀਲਿਆਂ ਨੂੰ ਯਕੀਨੀ ਬਣਾ ਕੇ ਰੱਖਣਾ ਪਵੇਗਾ ਤਾਂ ਜੋ ਇਨ੍ਹਾਂ ਮਹਿਮਾਨਾਂ ਨੂੰ ਸਾਡੇ ਦੇਸ਼ ਆਉਣ 'ਤੇ ਅਸੁਰੱਖਿਅਤਾ ਨਾ ਮਹਿਸੂਸ ਹੋਵੇ।

– ਭੁਪਿੰਦਰਵੀਰ ਸਿੰਘ





# ਸਰਕਾਰਾਂ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਬਹੁਤੀਆਂ ਸਫ਼ਲ ਨਹੀਂ ਰਹੀਆਂ

ਨਰਪਿੰਦਰ ਸਿੰਘ ਧਾਲੀਵਾਲ
ਰਾਮਪੁਰਾ ਫੂਲ
ਮੋ. 98148-22922

ਉੱਤਰੀ ਭਾਰਤ, ਖ਼ਾਸ ਕਰਕੇ ਪੰਜਾਬ ਵਿੱਚ ਕਿਸਾਨੀ ਨੂੰ ਕੁਦਰਤ ਦੀ ਮਾਰ ਤੋਂ ਬਚਾਉਣ ਅਤੇ ਕੁਦਰਤੀ ਖੇਤੀ ਅਤੇ ਨਵੀਆਂ ਫ਼ਸਲੀ ਕਿਸਮਾਂ ਦੇ ਕੇ ਕਿਸਾਨਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਕਰਨ ਵਿੱਚ ਸਰਕਾਰਾਂ ਅਸਫ਼ਲ ਰਹੀਆਂ ਹਨ, ਹਾਲਾਂਕਿ ਕਿਸਾਨਾਂ ਦੀ ਆਰਥਿਕਤਾ ਦੀ ਸੁਰੱਖਿਆ ਸਮੇਂ ਦੀ ਲੋੜ ਹੋਣ ਦੇ ਨਾਲ-ਨਾਲ ਦੇਸ਼ ਦੇ ਵੀ ਹਿੱਤ ਵਿੱਚ ਹੈ। ਹੜ੍ਹਾਂ ਵਰਗੀ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਕੇਂਦਰ ਤੇ ਸੂਬਾਈ ਸਰਕਾਰਾਂ ਬੀਤੇ ਸਮੇਂ ਅੰਦਰ ਕੋਈ ਠੋਸ ਨੀਤੀ ਬਣਾਉਣ ਵਿੱਚ ਅਸਫ਼ਲ ਰਹੀਆਂ ਹਨ, ਜਿਸ ਕਾਰਨ ਹਰ ਸਾਲ ਦੇਸ਼ ਅੰਦਰ ਖ਼ਾਸ ਕਰਕੇ ਪੰਜਾਬ ਵਿੱਚ ਕਿਸਾਨਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਉਠਾਉਣਾ ਪੈਂਦਾ ਹੈ। ਦੂਜੇ ਪਾਸੇ ਵਾਤਾਵਰਨ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੇ ਧਰਤੀ ਦੇ ਵੱਧਦੇ ਤਾਪਮਾਨ ਅਤੇ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਇੱਕ ਵਿਆਪਕ ਰਣਨੀਤੀ ਬਣਾਉਣ ਦੇ ਦਾਅਵੇ ਪੇਸ਼ ਕੀਤੇ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ, ਖ਼ਾਸ ਕਰਕੇ ਪੂਰਬੀ ਉੱਤਰ ਪ੍ਰਦੇਸ਼ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਦੀ ਸੁਰੱਖਿਆ ਲਈ ਕਈ ਅਹਿਮ ਯੋਜਨਾਵਾਂ ਜੰਗੀ ਪੱਧਰ 'ਤੇ ਲਾਗੂ ਕੀਤੀਆਂ ਜਾ ਰਹੀਆਂ ਹਨ।

ਸਭ ਤੋਂ ਪਹਿਲਾਂ, ਭਾਰਤ ਸਰਕਾਰ ਨੇ ਜਲਵਾਯੂ ਤਬਦੀਲੀ ਦਾ ਟਾਕਰਾ ਕਰਨ ਲਈ 'ਰਾਸ਼ਟਰੀ ਕਾਰਜ ਯੋਜਨਾ' ਤਿਆਰ ਕੀਤੀ ਹੈ, ਜਿਸ ਅਧੀਨ ਸੂਰਜੀ ਊਰਜਾ, ਪਾਣੀ ਤੇ ਖੇਤੀਬਾੜੀ ਵਰਗੇ ਪ੍ਰਮੁੱਖ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਮਿਸ਼ਨ ਦਾ ਮੁੱਖ ਉਦੇਸ਼ ਖੇਤੀਬਾੜੀ ਖੇਤਰ ਨੂੰ ਬਦਲਦੇ ਹਾਲਾਤ ਦੇ ਅਨੁਕੂਲ ਬਣਾਉਣਾ ਹੈ, ਤਾਂ ਜੋ ਕਿਸਾਨਾਂ ਨੂੰ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਪਾਣੀ ਦੀ ਬੱਚਤ ਲਈ ਸਰਕਾਰ ਨੇ ਸਿੰਚਾਈ ਵਾਸਤੇ 'ਹਰ ਬੂੰਦ, ਵਧੇਰੇ ਪੈਦਾਵਾਰ' ਮੁਹਿੰਮ ਚਲਾਉਣ ਦੀ ਗੱਲ ਦੁਹਰਾਈ ਹੈ, ਜਿਸ ਨਾਲ ਖੇਤਾਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ ਲਈ ਤੁਪਕਾ ਤੇਂ ਫੁਹਾਰਾ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਲਈ 'ਮਿੱਟੀ ਸਿਹਤ ਕਾਰਡ' ਜਾਰੀ ਕੀਤੇ ਜਾ ਰਹੇ ਹਨ, ਜੋ ਕਿਸਾਨਾਂ ਨੂੰ ਖਾਦਾਂ ਦੀ ਸਹੀ ਵਰਤੋਂ ਬਾਰੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਦੇ ਹਨ। ਬਰਸਾਤੀ ਖੇਤਰਾਂ ਵਿੱਚ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਵਿਸ਼ੇਸ਼ ਵਿਕਾਸ ਯੋਜਨਾ ਲਾਗੂ ਕੀਤੀ ਗਈ ਹੈ। ਇਸ ਯੋਜਨਾ ਦਾ ਧੁਰਾ 'ਏਕੀਕ੍ਰਿਤ ਖੇਤੀ ਪ੍ਰਣਾਲੀ' ਹੈ, ਜਿਸ ਦਾ ਮਕਸਦ ਪੈਦਾਵਾਰ ਵਧਾਉਣਾ ਤੇ ਮੌਸਮੀ ਅਨਿਸ਼ਚਿਤਤਾ ਕਾਰਨ ਹੋਣ ਵਾਲੇ ਨੁਕਸਾਨ ਦੇ ਖ਼ਤਰੇ ਨੂੰ ਘੱਟ ਤੋਂ ਘੱਟ ਕਰਨਾ ਹੈ। ਕੇਂਦਰ ਸਰਕਾਰ ਨੇ ਕਈ ਰਾਜਾਂ ਲਈ ਵੱਖਰੇ ਤੌਰ 'ਤੇ 'ਰਾਜ ਕਾਰਜ ਯੋਜਨਾਵਾਂ' ਤਿਆਰ ਕਰਨ ਵਿੱਚ ਮਦਦ ਕਰਨ ਦੀ ਗੱਲ ਵੀ ਕਹੀ ਹੈ। ਜਿਸ ਵਿੱਚ ਖ਼ਾਸ ਤੌਰ 'ਤੇ ਉੱਤਰ ਪ੍ਰਦੇਸ਼ ਲਈ ਖੇਤੀਬਾੜੀ ਤੇ ਸਹਾਇਕ ਕਿੱਤਿਆਂ ਨੂੰ ਮੌਸਮੀ ਮਾਰ ਤੋਂ ਬਚਾਉਣ ਲਈ ਪੰਜ ਮੁੱਖ ਰਣਨੀਤੀਆਂ ਦੀ ਪਛਾਣ ਕੀਤੀ ਗਈ ਹੈ, ਤਾਂ ਜੋ ਸਥਾਨਕ ਚੁਣੌਤੀਆਂ ਦਾ ਸਹੀ ਹੱਲ ਕੱਢਿਆ ਜਾ ਸਕੇ।

ਕਿਸਾਨਾਂ ਨੂੰ ਕੁਦਰਤੀ ਆਫ਼ਤਾਂ ਤੋਂ ਸੁਚੇਤ ਕਰਨ ਲਈ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਇੱਕ ਵਿਸ਼ੇਸ਼ ਕੇਂਦਰ ਸਥਾਪਿਤ ਕੀਤਾ ਗਿਆ ਹੈ। ਇਹ ਕੇਂਦਰ ਗਰਮੀ-ਸਰਦੀ ਦੀਆਂ ਲਹਿਰਾਂ ਤੇ ਭਾਰੀ ਮੀਂਹ ਬਾਰੇ ਅਗਾਊਂ ਜਾਣਕਾਰੀ ਦਿੰਦਾ ਹੈ। ਮੌਸਮ ਵਿਭਾਗ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਗਈਆਂ ਇਹ ਫ਼ਸਲ-ਅਧਾਰਿਤ ਸਲਾਹਾਂ ਮੋਬਾਈਲ ਸੰਦੇਸ਼ਾਂ ਤੇ ਰੇਡੀਓ ਰਾਹੀਂ ਸਿੱਧੀਆਂ ਕਿਸਾਨਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਸਰਕਾਰ ਨੇ ਜਲਵਾਯੂ ਅਨੁਕੂਲ ਖੇਤੀ ਲਈ ਇੱਕ



ਨੈੱਟਵਰਕ ਪ੍ਰੋਜੈਕਟ ਤਹਿਤ ਉੱਤਰ ਪ੍ਰਦੇਸ਼ ਵਿੱਚ ਤਬਦੀਲੀਆਂ ਦਾ ਮੁਕਾਬਲਾ ਕਰਨ ਲਈ ਨਵੀਨਤਮ ਤਕਨੀਕਾਂ ਅਪਣਾਉਣ ਦੀ ਵਕਾਲਤ ਕੀਤੀ ਹੈ, ਪਰ ਪੰਜਾਬ ਦਾ ਕਿਧਰੇ ਨਾਂਅ ਦਿਖਾਈ ਨਹੀਂ ਦੇ ਰਿਹਾ, ਹਾਲਾਂਕਿ ਗੁਆਂਢੀ ਸੂਬੇ ਹਿਮਾਚਲ ਤੇ ਜੰਮੂ-ਕਸ਼ਮੀਰ ਦੀਆਂ ਪਹਾੜੀਆਂ ਤੋਂ ਆਉਂਦੇ ਪਾਣੀ ਕਾਰਨ ਪੰਜਾਬ ਨੂੰ ਹਰ ਸਾਲ ਵੱਡਾ ਹਰਜਾਨਾ ਭੁਗਤਣਾ ਪੈਂਦਾ ਹੈ। ਪਰ ਦਾਅਵੇ ਕੀਤੇ ਜਾ ਰਹੇ ਹਨ ਕਿ ਰਵਾਇਤੀ ਖੇਤੀ ਨੂੰ ਉਤਸ਼ਾਹ ਦੇਣ ਲਈ 'ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ' ਤਹਿਤ ਜੈਵਿਕ ਖੇਤੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਝੋਨੇ ਤੇ ਕਣਕ ਦੀ ਬਿਜਾਈ ਦੇ ਆਧੁਨਿਕ ਤਰੀਕੇ (ਜਿਵੇਂ ਜ਼ੀਰੋ ਟਿੱਲ ਬਿਜਾਈ) ਅਤੇ ਮੌਸਮ ਦੀ ਮਾਰ ਝੱਲਣ ਦੇ ਸਮਰੱਥ ਫ਼ਸਲਾਂ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਬਾਰੇ ਕਿਸਾਨਾਂ ਨੂੰ ਜਾਣਕਾਰੀਆਂ ਦਿੱਤੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਨੇ ਭਰੋਸਾ ਦਿਵਾਇਆ ਹੈ ਕਿ ਉਹ ਹੜ੍ਹਾਂ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਵੀ ਰਾਜਾਂ ਨੂੰ ਹਰ ਸੰਭਵ ਤਕਨੀਕੀ ਤੇ ਵਿੱਤੀ ਮਦਦ ਮੁਹੱਈਆ ਕਰਵਾਏਗੀ। ਇਸ ਦਾ ਉਦੇਸ਼ ਸੰਕਟ ਗ੍ਰਸਤ ਖੇਤੀ ਖੇਤਰਾਂ ਵਿੱਚ ਨੁਕਸਾਨ ਨੂੰ ਘਟਾਉਣਾ ਤੇ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਸੁਰੱਖਿਅਤ ਕਰਨਾ ਹੈ।



# ਕਿਸਾਨਾਂ ਨੂੰ ਖੇਤੀ ਉੱਦਮ ਨਾਲ ਜੋੜਨ ਦਾ ਵਸੀਲਾ ਹਨ ਐਗਰੋ-ਪ੍ਰੋਸੈਸਿੰਗ ਕੰਪਲੈਕਸ

ਗੁਰਨਾਜ਼ ਸਿੰਘ ਗਿੱਲ, ਕਿਰਨਦੀਪ ਅਤੇ ਮਹੇਸ਼ ਕੁਮਾਰ,
ਪ੍ਰੋਸੈਸਿੰਗ ਅਤੇ ਭੋਜਨ ਇੰਜੀਨਿਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98768-00696)

ਬਦਲਦੇ ਖੇਤੀ ਦ੍ਰਿਸ਼ ਅਨੁਸਾਰ ਜ਼ਰੂਰੀ ਹੈ ਕਿ ਕਿਸਾਨ ਖੇਤੀ ਨੂੰ ਰਵਾਇਤੀ ਤਰੀਕੇ ਨਾਲ ਸਿਰਫ਼ ਰੋਜ਼ੀ ਰੋਟੀ ਤੱਕ ਸੀਮਿਤ ਰੱਖਣ ਦੀ ਬਜਾਏ ਹੁਣ ਇਸਨੂੰ ਸਥਿਰ ਅਤੇ ਲਾਭਕਾਰੀ ਕਿੱਤਾ ਬਣਾਉਣ। ਇਸ ਕਾਰਜ ਵਿੱਚ ਐਗਰੋ-ਪ੍ਰੋਸੈਸਿੰਗ ਕੰਪਲੈਕਸ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਇਹਨਾਂ ਕੰਪਲੈਕਸਾਂ ਵਿੱਚ ਖੇਤੀ ਉਤਪਾਦਾਂ ਦੀ ਸਫ਼ਾਈ, ਛਾਂਟੀ, ਪ੍ਰੋਸੈਸਿੰਗ, ਪੈਕਿੰਗ ਅਤੇ ਸਟੋਰੇਜ ਤੋਂ ਬਾਅਦ ਵੇਚਣਯੋਗ ਬਣਾਇਆ ਜਾਂਦਾ ਹੈ। ਇਸ ਨਾਲ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਵੀ ਪੈਦਾ ਹੁੰਦੇ ਹਨ।

ਵੱਖ-ਵੱਖ ਉਤਪਾਦਾਂ ਜਿਵੇਂ ਕਿ ਕਣਕ, ਝੋਨਾ, ਮਸਾਲੇ ਅਤੇ ਤੇਲਬੀਜ ਆਦਿ ਦੀ ਪ੍ਰੋਸੈਸਿੰਗ ਨਾਲ ਕਿਸਾਨ ਆਮਦਨ ਵਧਾ ਸਕਦੇ ਹਨ। ਜਿਵੇਂ ਕਿ ਕੱਚੀ ਹਲਦੀ ਵੇਚਣ ਨਾਲ ਲਾਭ ਘੱਟ ਹੁੰਦਾ ਹੈ। ਪਰ ਜੇ ਕਿਸਾਨ ਹਲਦੀ ਨੂੰ ਸਾਫ ਕਰ ਕੇ, ਪੀਸ ਕੇ, ਪੈਕ ਕਰਕੇ ਵੇਚੇ ਜਾਂ ਇਸਤੋਂ ਤੇਲ ਕੱਢ ਕੇ ਵੇਚੇ ਤਾਂ ਵੱਧ ਮੁੱਲ ਹਾਸਲ ਕਰ ਸਕਦਾ ਹੈ। ਇਸ ਦੇ ਨਾਲ ਹੀ ਜੇ ਬ੍ਰਾਂਡ ਬਣਾ ਕੇ ਅਤੇ ਨਵੀਆਂ ਪੈਕਿੰਗ ਤਕਨੀਕਾਂ ਜਿਵੇਂ ਕਿ ਹਵਾ ਰਹਿਤ ਪੈਕਿੰਗ ਨਾਲ ਉਤਪਾਦਾਂ ਨੂੰ ਬਾਜ਼ਾਰ ਵਿੱਚ ਹੋਰ ਪਸੰਦ ਕੀਤਾ ਜਾਂਦਾ ਹੈ।

ਪੰਜਾਬ ਦੇ ਦੱਖਣੀ ਇਲਾਕਿਆਂ ਵਿੱਚ ਕਨੋਲਾ ਸਰ੍ਹੋਂ ਦੀ ਖੇਤੀ ਆਮ ਹੁੰਦੀ ਹੈ। ਕਿਸਾਨ ਛੋਟੇ ਠੰਢੇ ਤੇਲ ਯੂਨਿਟ ਲਗਾ ਕੇ ਤੇਲ ਬੋਤਲਾਂ ਵਿੱਚ ਪੈਕ ਕਰਕੇ, ਆਪਣਾ ਬ੍ਰਾਂਡ ਬਣਾ ਕੇ ਵਿਕਰੀ ਕਰ ਸਕਦੇ ਹਨ। ਬਚੀ ਹੋਈ ਖਲ ਨੂੰ ਜੈਵਿਕ ਪਸ਼ੂ ਖੁਰਾਕ ਵਜੋਂ ਵੇਚਿਆ ਜਾ ਸਕਦਾ ਹੈ। ਇਸੇ ਤਰ੍ਹਾਂ ਬਾਸਮਤੀ ਚਾਵਲ ਨੂੰ ਪੈਕ ਕਰਕੇ ਆਪਣਾ ਲੋਗੋ ਲਗਾ ਕੇ ਵੇਚਣਾ ਜਾਂ ਕਣਕ ਤੋਂ ਆਟਾ, ਸੂਜੀ ਆਦਿ ਤਿਆਰ ਕਰਨਾ ਆਮਦਨ ਵਧਾਉਣ ਦਾ ਇੱਕ ਵਧੀਆ ਰਸਤਾ ਹੈ। ਕਣਕ ਅਤੇ ਬਾਜਰਾ ਜਾਂ ਮੱਕੀ ਮਿਲਾ ਕੇ ਮਲਟੀਗਰੇਨ ਉਤਪਾਦ ਬਣਾਏ ਜਾ ਸਕਦੇ ਹਨ। ਸੰਗਰੂਰ ਦੇ ਪਿੰਡ ਵਿੱਚ ਕੁੱਝ ਔਰਤਾਂ ਨੇ ਮਲਟੀਗਰੇਨ ਬਿਸਕੁਟ ਬਣਾਉਣ ਦੀ ਇਕਾਈ ਸਥਾਪਿਤ ਕੀਤੀ ਜੋ ਹੁਣ ਚੰਡੀਗੜ੍ਹ ਦੇ ਆਰਗੈਨਿਕ ਸਟੋਰਾਂ ਨੂੰ ਸਪਲਾਈ ਕਰ ਰਹੀ ਹੈ।

ਕਿਸਾਨ ਅਕਸਰ ਗੰਨਾ ਸ਼ੂਗਰ ਮਿੱਲਾਂ ਨੂੰ ਵੇਚਦੇ ਹਨ ਜਿਸ ਵਿੱਚ ਉਨ੍ਹਾਂ ਨੂੰ ਵਧੇਰੇ ਲਾਭ ਨਹੀਂ ਮਿਲਦਾ। ਜੇ ਕਿਸਾਨ ਗੰਨੇ ਤੋਂ ਗੁੜ, ਸ਼ੱਕਰ, ਗੰਨੇ ਦਾ ਰਸ ਬਣਾਉਣ ਜਾਂ ਵੱਧ ਮੁਨਾਫ਼ਾ ਕਮਾ ਸਕਦੇ ਹਨ। ਇਲਾਇਚੀ, ਅਦਰਕ ਜਾਂ ਹੋਰ ਮਸਾਲੇ ਵਾਲਾ ਗੁੜ ਵੀ ਵਧੇਰੇ ਮੁੱਲ ਤੇ ਵਿਕਦਾ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਰਾਹੀਂ ਹਲਦੀ ਦੀ ਪ੍ਰੋਸੈਸਿੰਗ ਲਈ ਸੋਲਰ ਡਰਾਇਰ, ਪਾਲੀਸ਼ਰ, ਗਰੇਡਰ ਆਦਿ ਉਪਲਬਧ ਹਨ। ਨਾਬਾਰਡ ਅਤੇ ਐਮਐਸ. ਐਮ. ਈ. ਸੰਸਥਾਵਾਂ ਰਾਹੀਂ ਤੇਲ ਕੱਢਣ ਵਾਲੀਆਂ ਮਸ਼ੀਨਾਂ ਲਈ ਸਹਾਇਤਾ ਲਈ ਜਾ ਸਕਦੀ ਹੈ। ਚਾਵਲ ਅਤੇ ਕਣਕ ਦੀ ਪ੍ਰੋਸੈਸਿੰਗ ਲਈ ਮਸ਼ੀਨਾਂ ਜਿਵੇਂ ਕਿ ਚੱਕੀ, ਗਰੇਡਰ, ਐਕਸਟ੍ਰੂਡਰ ਆਦਿ ਬਾਰੇ ਤਕਨੀਕੀ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰੋਸੈਸਿੰਗ ਅਤੇ ਭੋਜਨ ਇੰਜੀਨਿਅਰਿੰਗ ਵਿਭਾਗ ਵੱਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼ੁਗਰਫੈਡ ਰਾਹੀਂ ਗੁੜ ਬਣਾਉਣ ਲਈ ਰਸ ਕੱਢਣ ਵਾਲੇ ਕਰੱਸ਼ਰ, ਉਬਾਲਣ ਵਾਸਤੇ ਆਦਿ ਮਿਲਦੇ ਹਨ।

ਕਿਸਾਨਾਂ ਨੂੰ ਸਵੈ ਸਹਾਇਤਾ ਸਮੂਹ ਜਾਂ ਐਫ. ਪੀ. ਓ. ਬਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਛੋਟੀ ਯੂਨਿਟ ਜਿਵੇਂ ਮੋਬਾਇਲ ਡਰਾਇਰ ਜਾਂ ਮਿਨੀ ਤੇਲ ਮਿਲ ਤੋਂ ਸ਼ੁਰੂਆਤ ਕੀਤੀ ਜਾ ਸਕਦੀ ਹੈ। ਪੈਕਿੰਗ ਅਤੇ ਲੋਗੋ ਨਾਲ ਬ੍ਰਾਂਡ ਬਣਾਉਣਾ ਮਹੱਤਵਪੂਰਨ ਹੈ। ਪ੍ਰਧਾਨ ਮੰਤਰੀ ਮਾਇਕਰੋ ਫੂਡ ਇੰਟਰਪ੍ਰਾਇਜ਼ ਵਰਗੀ ਸਕੀਮਾਂ ਰਾਹੀਂ 35% ਤੱਕ ਦੀ ਸਬਸਿਡੀ, ਬ੍ਰਾਂਡਿੰਗ ਅਤੇ ਮਾਰਕੀਟਿੰਗ ਲਈ ਸਹਾਇਤਾ ਮਿਲ ਸਕਦੀ ਹੈ। ਨਾਬਾਰਡ ਸੰਸਥਾ ਰਾਹੀਂ ਲੋਨ ਅਤੇ ਪ੍ਰੋਸੈਸਿੰਗ ਯੂਨਿਟ ਦੇ ਵਿਕਾਸ ਲਈ ਤਕਨੀਕੀ ਜਾਣਕਾਰੀ ਮਿਲ ਸਕਦੀ ਹੈ। ਪੰਜਾਬ ਐਗਰੋ ਇੰਡਸਟਰੀਜ਼ ਰਾਹੀਂ ਮਾਰਕਿਟ ਲਿੰਕੇਜ ਵਿਕਸਿਤ ਕੀਤੀ ਜਾ ਸਕਦੀ ਹੈ। ਮਿਨਿਸਟਰੀ ਫੂਡ ਪ੍ਰੋਸੈਸਿੰਗ ਰਾਹੀਂ ਬ੍ਰਾਂਡਿੰਗ ਅਤੇ ਮਾਰਕੀਟਿੰਗ ਦੀ ਸਹਾਇਤਾ ਮਿਲ ਸਕਦੀ ਹੈ।

ਸ਼ੁਰੂਆਤੀ ਤੌਰ ਤੇ ਉਹ ਫ਼ਸਲ ਚੁਣੋ ਜਿਸ ਵਿੱਚ ਹੋਰ ਮੁੱਲ ਜੋੜਿਆ ਜਾ ਸਕੇ ਅਤੇ ਜਿਸ ਦੀ ਮੰਗ ਜ਼ਿਆਦਾ ਹੋਵੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਰਾਹੀਂ ਸਿਖਲਾਈ ਪ੍ਰਾਪਤ ਕਰੋ। ਸਵੈ ਸਹਾਇਤਾ ਸਮੂਹ ਜਾਂ ਐਫਪੀਓ. ਬਣਾਓ ਅਤੇ ਰਜਿਸਟ੍ਰੇਸ਼ਨ ਕਰਵਾ ਕੇ ਛੋਟੀ ਯੂਨਿਟ ਲਗਾ ਕੇ ਪ੍ਰੋਸੈਸਿੰਗ ਦੀ ਸ਼ੁਰੂਆਤ ਕਰੋ। ਪ੍ਰੋਸੈਸ ਕੀਤੇ ਉਤਪਾਦਾਂ ਨੂੰ ਪੈਕ ਕਰਕੇ, ਲੇਬਲ ਲਗਾ ਕੇ ਮੰਡੀਆਂ, ਹਾਟ, ਉਨਲਾਈਨ ਜਾਂ ਰੀਟੇਲ ਮਾਰਕਿਟ ਵਿੱਚ ਵੇਚੋ। ਇਸ ਤਰ੍ਹਾਂ ਆਪਣੇ ਉਤਪਾਦਾਂ ਦੀ ਪ੍ਰੋਸੈਸਿੰਗ ਕਰ ਕੇ ਕਿਸਾਨ ਆਪਣੀ ਆਮਦਨ ਕਈ ਗੁਣਾ ਵਧਾ ਸਕਦੇ ਹਨ।

ਪ੍ਰੋਸੈਸਿੰਗ ਕਰਨਾ ਸਿਰਫ਼ ਫ਼ਸਲਾਂ ਦੀ ਸੰਭਾਲ ਨਹੀਂ ਸਗੋਂ ਇੱਕ ਸੋਚ ਹੈ ਜਿਸ ਵਿੱਚ ਕਿਸਾਨਾਂ ਨੂੰ ਆਪਣੇ ਉਤਪਾਦਾਂ ਨੂੰ ਬ੍ਰਾਂਡ ਬਣਾ ਕੇ ਵੇਚਣ ਵੱਲ ਉਤਸ਼ਾਹਿਤ ਕਰਨਾ ਹੈ। ਅੱਜ ਦੇ ਦੌਰ ਵਿੱਚ, ਜਿੱਥੇ ਓਰਗੈਨਿਕ ਅਤੇ ਸਾਫ਼ ਸੁਥਰੇ ਉਤਪਾਦਾਂ ਦੀ ਮੰਗ ਵੱਧ ਰਹੀ ਹੈ, ਪੰਜਾਬ ਦੇ ਕਿਸਾਨ ਇਸ ਮੌਕੇ ਦਾ ਪੂਰਾ ਲਾਭ ਲੈ ਸਕਦੇ ਹਨ। ਨਵੀਂ ਤਕਨਾਲੋਜੀ ਅਪਣਾ ਕੇ, ਸਾਂਝੇਦਾਰੀ ਨਾਲ ਕੰਮ ਕਰ ਕੇ ਅਤੇ ਚੰਗੀ ਮਾਰਕਿਟ ਰਣਨੀਤੀ ਰਾਹੀਂ ਆਪਣੀ ਰਵਾਇਤੀ ਖੇਤੀ ਨੂੰ ਹੋਰ ਲਾਭ ਵਿੱਚ ਤਬਦੀਲ ਕਰ ਸਕਦੇ ਹਨ।

# ਗੁੜ ਤਿਆਰ ਕਰਕੇ ਵਧਾਓ ਆਮਦਨ

**ਜੇ ਅੱਜ ਤੋਂ ਕੋਈ ਚਾਲੀ ਕੁ ਸਾਲ ਪੁਰਾਣੀ ਗੱਲ ਕਰੀਏ ਤਾਂ ਪਿੰਡਾਂ ਵਿੱਚ ਸਰਦੀ ਦਾ ਮੌਸਮ ਸ਼ੁਰੂ ਹੁੰਦੇ ਹੀ ਗੰਨੇ ਪੀੜਨ ਵਾਲੀਆਂ ਘੁਲਾਹੜੀਆਂ ਚੱਲਣੀਆਂ ਸ਼ੁਰੂ ਹੋ ਜਾਂਦੀਆਂ ਸਨ...**

ਬ੍ਰਿਸ਼ ਭਾਨ ਬੁਜਰਕ
ਮੋ. 98761-01698

ਪੇਂਡੂ ਸੱਭਿਅਤਾ ਵਿੱਚ ਵੀ ਮਸ਼ੀਨਰੀ ਦਾ ਬੋਲਬਾਲਾ ਵੱਧ ਰਿਹਾ ਹੈ। ਦੁੱਧ ਰਿੜਕਨੀ ਮਧਾਨੀ, ਸਾਗ ਚੀਰਨੀ ਮਸ਼ੀਨ, ਸਾਗ ਘੋਟਣੀ ਮਸ਼ੀਨ ਇੱਥੋਂ ਤੱਕ ਕਿ ਆਟਾ ਗੁੰਨ੍ਹਣ ਤੋਂ ਲੈ ਕੇ ਰੋਟੀਆਂ ਪਕਾਉਣ ਤੱਕ ਵੀ ਮਸ਼ੀਨਾਂ ਦੀ ਵਰਤੋਂ ਕੀਤੀ ਜਾ



ਰਹੀ ਹੈ। ਕਦੇ ਪੇਂਡੂ ਸੱਭਿਆਚਾਰ ਵਿੱਚ ਦੁੱਧ ਹੱਥਾਂ ਵਾਲੀ ਮਧਾਨੀ ਨਾਲ ਰਿੜਕਿਆ ਜਾਂਦਾ ਸੀ, ਸਾਗ ਵੀ ਹੱਥੀਂ ਚੀਰਨਾ ਅਤੇ ਘੋਟਣਾ ਜਿਸ ਕਰ ਕੇ ਘਰ ਵਿੱਚ ਹੱਥੀਂ ਕੰਮ ਕਰਨ ਵਾਲੀਆਂ ਸੁਆਣੀਆਂ ਤੰਦਰੁਸਤ ਰਹਿੰਦੀਆਂ। ਮਸ਼ੀਨੀਕਰਨ ਦੇ ਇਸ ਯੁੱਗ ਵਿੱਚ ਕਿਸਾਨਾਂ ਦੀ ਸਿਹਤ ਬਰਕਰਾਰ ਨਹੀਂ ਰਹੀ ਕਿਉਂਕਿ ਉਹ ਵੀ ਹੱਥੀਂ ਕੰਮ ਛੱਡ ਕੇ ਮਸ਼ੀਨਾਂ ਨਾਲ ਹੀ ਕੰਮ ਕਰਨ ਲੱਗ ਪਏ ਹਨ।

### ਤੱਤਾ ਗੁੜ ਖਾਣ ਦਾ ਅਨੰਦ ਹੀ ਵੱਖਰਾ

ਜੇਕਰ ਅੱਜ ਤੋਂ ਕੋਈ ਚਾਲੀ ਕੁ ਸਾਲ ਪੁਰਾਣੀ ਗੱਲ ਕਰੀਏ ਤਾਂ ਪਿੰਡਾਂ ਵਿੱਚ ਸਰਦੀ ਦਾ ਮੌਸਮ ਸ਼ੁਰੂ ਹੁੰਦੇ ਹੀ ਗੰਨੇ ਪੀੜਨ ਵਾਲੀਆਂ ਘੁਲਾਹੜੀਆਂ ਚੱਲਣੀਆਂ ਸ਼ੁਰੂ ਹੋ ਜਾਂਦੀਆਂ ਸਨ ਜਿਨ੍ਹਾਂ 'ਤੇ ਜਾ ਕੇ ਤੱਤਾ-ਤੱਤਾ ਗੁੜ ਖਾਣ ਦਾ ਅਨੰਦ ਹੀ ਵੱਖਰਾ ਸੀ। ਕਈ ਲੋਕ ਗੰਨੇ ਦਾ ਰਸ ਵੀ ਪੀਂਦੇ ਜਾਂ ਫਿਰ ਉਸ ਰਸ ਦੀ ਖੀਰ ਵੀ ਬਣਾਈ ਜਾਂਦੀ। ਸਮੇਂ ਦੇ ਹਿਸਾਬ ਨਾਲ ਇਹ ਸੱਭਿਆਚਾਰ ਵੀ ਪਿੰਡਾਂ ਵਿੱਚ ਖ਼ਤਮ ਹੋ ਗਿਆ। ਪੰਜਾਬ ਦੇ ਕੁੱਝ ਨੀਮ ਪਹਾੜੀ ਪਿੰਡਾਂ ਵਿੱਚ ਕਿਤੇ-ਕਿਤੇ ਗੰਨੇ ਪੀੜਨ ਵਾਲੀਆਂ ਘੁਲਾਹੜੀਆਂ ਚੱਲਦੀਆਂ ਨਜ਼ਰ ਆਉਂਦੀਆਂ ਹਨ। ਆਮ ਸੱਭਿਆਚਾਰ ਵਿੱਚ ਇਹ ਸਭ ਕੁੱਝ ਖ਼ਤਮ ਹੋ ਗਿਆ ਹੈ।

### ਸ਼ੁੱਧ ਤੇ ਦੇਸੀ ਗੁੜ ਤਿਆਰ ਕੀਤਾ ਜਾ ਰਿਹੈ

ਜੇਕਰ ਆਪਾਂ ਜ਼ਿਲ੍ਹਾ ਪਟਿਆਲਾ ਦੇ ਪਾਤੜਾਂ ਸ਼ਹਿਰ ਨੇੜੇ ਪੈਂਦੇ ਪਿੰਡ ਦਿਉਗੜ੍ਹ ਦੇ ਕਿਸਾਨ ਜਗਪਾਲ ਸਿੰਘ ਦੀ ਗੱਲ ਕਰੀਏ ਤਾਂ ਇਹ ਕਿਸਾਨ ਪੰਜਾਬ ਦੀ ਸੱਭਿਅਤਾ ਨੂੰ ਸਾਂਭਣ ਲਈ ਸਾਲ 2017 ਤੋਂ ਲਗਾਤਾਰ ਗੰਨੇ ਦਾ ਗੁੜ ਬਣਾਉਣ ਵਰਗੀ ਘੁਲਾਹੜੀ ਚਲਾ ਰਿਹਾ ਹੈ। ਜਿਸ ਰਾਹੀਂ ਬਿਲਕੁਲ ਸ਼ੁੱਧ ਅਤੇ ਦੇਸੀ ਗੁੜ ਤਿਆਰ ਕੀਤਾ ਜਾਂਦਾ ਹੈ। ਪਾਤੜਾਂ ਸਮਾਣਾ ਸੜਕ 'ਤੇ ਕਿਰਾਏ ਦੀ ਜਗ੍ਹਾ ਲੈ ਕੇ ਗੁੜ ਅਤੇ ਸ਼ੱਕਰ ਤਿਆਰ ਕੀਤੀ ਜਾ ਰਹੀ ਹੈ। ਕਿਸਾਨ ਜਗਪਾਲ ਸਿੰਘ ਦਾ ਕਹਿਣਾ ਹੈ ਕਿ ਇਸ ਪੁਰਾਣੀ ਰਵਾਇਤੀ ਘੁਲਾਹੜੀ ਨੂੰ ਵੇਖ ਕੇ ਬਹੁਤੇ ਲੋਕ ਹੈਰਾਨ ਹੋ ਜਾਂਦੇ ਹਨ ਕਿਉਂਕਿ ਪੰਜਾਬ ਵਿੱਚ ਘੁਲਾਹੜੀ ਸੱਭਿਅਤਾ ਲੋਪ ਹੋ ਚੁੱਕੀ ਹੈ। ਬਹੁਤੇ ਲੋਕ ਤਾਂ ਗੰਨੇ ਦਾ ਜੂਸ ਵੀ ਪੀਣ ਲਈ ਆ ਜਾਂਦੇ ਹਨ। ਗੁੜ ਵਿੱਚ 11 ਅਜਿਹੇ ਤੱਤ ਮੌਜੂਦ ਹੁੰਦੇ ਹਨ, ਜਿਹੜੇ ਮਨੁੱਖੀ ਸਰੀਰ ਲਈ ਲਾਭਦਾਇਕ ਮੰਨੇ ਜਾਂਦੇ ਹਨ। ਗੰਨੇ ਵਿੱਚੋਂ 10 ਫ਼ੀਸਦੀ ਗੁੜ ਤਿਆਰ ਹੁੰਦਾ ਹੈ।

### ਗੰਨੇ ਦੀ ਖ਼ੁਦ ਕੀਤੀ ਜਾਂਦੀ ਕਾਸ਼ਤ

ਉਨ੍ਹਾਂ ਵੱਲੋਂ ਆਪਣੇ ਖੇਤਾਂ ਵਿੱਚ ਇੱਕ ਏਕੜ ਗੰਨਾ ਆਰਗੈਨਿਕ ਅਤੇ 7 ਏਕੜ ਆਮ ਤੌਰ 'ਤੇ ਬਿਜਾਈ ਵਾਲਾ ਕਾਸ਼ਤ ਕੀਤਾ ਗਿਆ ਹੈ। ਗੁੜ ਖਾਣਾ ਸਿਹਤ ਲਈ ਵਧੀਆ ਹੁੰਦਾ ਹੈ। ਜੇਕਰ ਤਿੰਨ ਚਾਰ ਦਹਾਕੇ ਪਿੱਛੇ ਨਜ਼ਰ ਮਾਰੀਏ ਤਾਂ ਸ਼ਾਇਦ ਹੀ ਕੋਈ ਕਿਸਾਨ ਇਹੋ ਜਿਹਾ ਹੁੰਦਾ ਹੋਵੇ, ਜਿਸ ਦੇ ਘਰ ਗੁੜ ਜਾਂ ਸ਼ੱਕਰ ਨਾ ਹੁੰਦੀ ਹੋਵੇ। ਸਮੇਂ ਦਾ ਇਹੋ ਜਿਹਾ ਗੇੜਾ ਆਇਆ ਕਿ ਪਿੰਡਾਂ ਵਿੱਚ ਗੰਨੇ ਪੀੜਨ ਦਾ ਕੰਮ ਹੀ ਖ਼ਤਮ ਹੋ ਗਿਆ ਪਰ ਅਸੀਂ ਇਸ ਕੰਮ ਨੂੰ ਲਗਾਤਾਰ ਚਲਾਉਂਦੇ ਆ ਰਹੇ ਹਾਂ। ਜਗਪਾਲ ਸਿੰਘ ਨੇ ਕਿਹਾ ਕਿ ਕਿਸਾਨ ਵੀ ਹੁਣ ਖੰਡ ਦੀ ਚਾਹ ਪੀਣ ਲੱਗ ਪਿਆ ਹੈ।

### ਪ੍ਰੋਟੀਨ ਤੇ ਹੋਰ ਤੱਤ ਪਾਏ ਜਾਂਦੇ

ਰੋਟੀ ਤੋਂ ਬਾਅਦ ਗੁੜ ਖਾਣ ਦਾ ਸਵਾਦ ਹੀ ਵੱਖਰਾ ਹੈ ਪਰ ਹੁਣ ਇਹ ਰਿਵਾਜ ਵੀ ਖ਼ਤਮ ਹੋ ਚੁੱਕਾ ਹੈ। ਗੁੜ ਨਾਲ ਪੇਟ ਦਾ ਅਫਾਰਾ, ਗੈਸ, ਦਮਾ, ਖਾਂਸੀ ਆਦਿ ਠੀਕ ਹੁੰਦੇ ਹਨ। ਕਈ ਵਾਰ ਹਿਚਕੀ ਲੱਗਣ 'ਤੇ ਵੀ ਗੁੜ ਖਾ ਲਿਆ ਜਾਂਦਾ ਹੈ, ਜੇ ਆਪਾਂ 200 ਗ੍ਰਾਮ ਗੁੜ ਵਿੱਚ ਤੱਤਾਂ ਦੀ ਮਾਤਰਾ ਵੇਖਣੀ ਹੋਵੇ ਤਾਂ ਇਸ ਤਰ੍ਹਾਂ ਹੈ- ਪ੍ਰੋਟੀਨ 08, ਚਿਕਨਾਈ 02 ਗ੍ਰਾਮ, ਕੈਲਸ਼ੀਅਮ 108 ਮਿਲੀਗ੍ਰਾਮ, ਫਾਸਫੋਰਸ 80 ਮਿਲੀਗ੍ਰਾਮ, ਲੋਹਾ 228 ਮਿਲੀਗ੍ਰਾਮ, ਖਣਿਜ ਪਦਾਰਥ 2 ਗ੍ਰਾਮ, ਕੈਰੋਟਿਨ 336 ਮਿਲੀਗ੍ਰਾਮ, ਕੈਲਰੀ 766, ਊਰਜਾ ਵਾਲੇ ਕਾਰਬੋਹਾਈਡਰੇਟ ਹੁੰਦੇ ਹਨ।

### ਸਾਰਿਆਂ ਲਈ ਲਾਹੇਵੰਦ ਹੈ ਗੁੜ

ਗੁੜ ਇਨਸਾਨ ਲਈ ਹੀ ਨਹੀਂ ਪਸ਼ੂਆਂ ਲਈ ਵੀ ਕਾਫ਼ੀ ਲਾਹੇਵੰਦ ਹੈ। ਗੱਭਣ ਨਾ ਹੋਣ ਵਾਲੀਆਂ ਮੱਝਾਂ ਗਾਵਾਂ ਨੂੰ ਗੁੜ ਚਾਰ ਦਿੱਤਾ ਜਾਂਦਾ ਹੈ। ਜਿੱਥੇ ਕਿਤੇ ਖੇਤੀ ਦਾ ਧੰਦਾ ਬਲਦਾਂ ਨਾਲ ਹੁੰਦਾ ਹੈ ਉੱਥੇ ਬਲਦਾਂ ਨੂੰ ਵੀ ਗੁੜ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਘੁਲਾਹੜੀ ਰਾਹੀਂ ਬਿਨਾਂ ਮਸਾਲਿਆਂ ਤੋਂ ਤਿਆਰ ਕੀਤੇ ਗੁੜ ਦੇ ਕਈ ਤਰ੍ਹਾਂ ਦੇ ਲਾਭ ਹਨ।

### ਮਿਲਾਵਟ ਤੋਂ ਬਚਿਆ ਜਾਵੇ

ਜਗਪਾਲ ਸਿੰਘ ਨੇ ਦੱਸਿਆ ਕਿ ਕੁੱਝ ਲੋਕਾਂ ਵੱਲੋਂ ਖੰਡ ਤੋਂ ਗੁੜ ਬਣਾਇਆ ਜਾਂਦਾ ਹੈ। ਇਸ ਕਿਸਮ ਦਾ ਗੁੜ ਸਾਡੀ ਸਿਹਤ ਲਈ ਬਹੁਤ ਹੀ ਖ਼ਤਰਨਾਕ ਹੁੰਦਾ ਹੈ। ਸੋ ਸਾਨੂੰ ਗੰਨੇ ਤੋਂ ਤਿਆਰ ਕੀਤਾ ਗੁੜ ਹੀ ਖ਼ਰੀਦਣਾ ਚਾਹੀਦਾ ਹੈ। ਗੁੜ ਵਾਲੀ ਚਾਹ ਪੀਣ ਨਾਲ ਸ਼ੂਗਰ ਦਾ ਖ਼ਤਰਾ ਵੀ ਘੱਟਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਕਿਸੇ ਜਾਣਕਾਰ ਕੋਲੋਂ ਹੀ ਇਸ ਦੀ ਖ਼ਰੀਦ ਕਰੀਏ, ਕਿਉਂਕਿ ਅੱਜ ਕੱਲ੍ਹ ਮਿਲਾਵਟ ਬਹੁਤ ਵੱਡੇ ਪੱਧਰ ਉੱਤੇ ਕੀਤੀ ਜਾ ਰਹੀ ਹੈ।

# ਕਿੰਨੂ ਦੇ ਫ਼ਲਾਂ ਦੀ ਤੁੜਾਈ ਅਤੇ ਸਾਂਭ-ਸੰਭਾਲ

ਵੀਰਪ੍ਰਤਾਪ ਸਿੰਘ ਅਤੇ ਸੁਖਜੀਤ ਕੌਰ ਜਵੰਧਾ,
ਪੀਏਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਲੁਧਿਆਣਾ (ਸਮਰਾਲਾ) (ਮੋ. 98560-00084)



ਕਿੰਨੂ ਦੇ ਫ਼ਲ ਸਰਦ ਰੁੱਤ ਵਿੱਚ ਪੱਕਦੇ ਹਨ ਅਤੇ ਮੰਡੀ ਵਿੱਚ ਕਈ ਵਾਰ ਫ਼ਲ ਇੱਕਦਮ ਜ਼ਿਆਦਾ ਆਉਣ ਨਾਲ ਬਹੁਤੇ ਫ਼ਲ ਖ਼ਰਾਬ ਹੋ ਜਾਂਦੇ ਹਨ ਅਤੇ ਯੋਗ ਮੁੱਲ ਨਹੀਂ ਮਿਲਦਾ। ਇਸ ਕਰਕੇ ਕਿੰਨੂ ਦੇ ਫ਼ਲਾਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਤੁੜਾਈ ਅਤੇ ਸਾਂਭ-ਸੰਭਾਲ ਹੇਠ ਲਿਖੀਆਂ ਤਕਨੀਕਾਂ ਅਨੁਸਾਰ ਕਰਨੀ ਚਾਹੀਦੀ ਹੈ-

**ਫ਼ਲ ਪੱਕਣ ਦੀ ਜਾਣਕਾਰੀ ਅਤੇ ਤੁੜਾਈ ਦਾ ਢੰਗ :** ਕਿੰਨੂ ਦੇ ਫ਼ਲ ਅੱਧ-ਜਨਵਰੀ ਤੋਂ ਅੱਧ-ਫਰਵਰੀ ਤੱਕ ਪੱਕਦੇ ਹਨ, ਇਸ ਕਰਕੇ ਇਹਨਾਂ ਨੂੰ ਸੰਪੂਰਨ ਆਕਾਰ, ਰੰਗ ਅਤੇ ਮਿਠਾਸ : ਤੇਜ਼ਾਬ ਹੋਣ (12:1) ਤੇ ਤੋੜੋ। ਤੁੜਾਈ ਦੇ ਢੰਗ ਦਾ ਫ਼ਲਾਂ ਦੀ ਸਾਂਭ-ਸੰਭਾਲ ਉੱਪਰ ਬਹੁਤ ਅਸਰ ਪੈਂਦਾ ਹੈ। ਕਿੰਨੂ ਦੇ ਫ਼ਲਾਂ ਨੂੰ ਵਿਸ਼ੇਸ਼ ਢੰਗ ਨਾਲ ਬਣੇ ਕਲਿੱਪਰ ਨਾਲ ਡੰਡੀ ਨੂੰ ਛੋਟੇ ਤੋਂ ਛੋਟਾ ਰੱਖ ਕੇ ਤੋੜਨਾ ਚਾਹੀਦਾ ਹੈ ਤਾਂ ਜੋ ਡੰਡੀ ਦੂਜੇ ਫ਼ਲਾਂ ਨੂੰ ਜ਼ਖਮੀ ਨਾ ਕਰ ਸਕੇ। ਕਿੰਨੂ ਦੇ ਫ਼ਲਾਂ ਨੂੰ ਦਰੱਖਤ ਹਿੱਲਾ ਕੇ ਜਾਂ ਖਿੱਚ ਕੇ ਨਹੀਂ ਤੋੜਨਾ ਚਾਹੀਦਾ ਕਿਉਂਕਿ ਇਸ ਨਾਲ ਫ਼ਲਾਂ ਦੀ ਛਿੱਲ ਫੱਟ ਸਕਦੀ ਹੈ ਅਤੇ ਲਾਗ ਦੇ ਖਤਰੇ ਕਰਕੇ ਆਵਾਜਾਈ ਅਤੇ ਭੰਡਾਰਨ ਦੌਰਾਨ ਫ਼ਲ ਛੇਤੀ ਗਲ ਜਾਂਦੇ ਹਨ। ਫ਼ਲਾਂ ਦੀ ਤੁੜਾਈ ਤੜਕੇ ਸਿੱਲੇ ਹਾਲਾਤਾਂ ਵਿੱਚ ਨਾ ਕਰੋ। ਤੁੜਾਈ ਉਪਰੰਤ ਫ਼ਲਾਂ ਨੂੰ ਇਕੱਠੇ ਕਰੋ ਅਤੇ ਛਾਵੇਂ ਸੁਕਾਓ।

**ਫ਼ਲਾਂ ਦਾ ਉਪਚਾਰ ਅਤੇ ਪੈਕਿੰਗ :** ਫ਼ਲਾਂ ਦੀ ਤੁੜਾਈ ਉਪਰੰਤ ਉਪਚਾਰ ਅਤੇ ਪੈਕਿੰਗ ਬਹੁਤ ਜ਼ਰੂਰੀ ਹੈ, ਜਿਸ ਨਾਲ ਫ਼ਲਾਂ ਨੂੰ ਆਵਾਜਾਈ ਅਤੇ ਭੰਡਾਰਨ ਦੌਰਾਨ ਗਲਣ ਤੋਂ ਕਾਫ਼ੀ ਹੱਦ ਤੱਕ ਬਚਾਇਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਜ਼ਖਮੀ, ਬੇਸ਼ੱਕਲੇ, ਜ਼ਿਆਦਾ ਪੱਕੇ ਜਾਂ ਬਹੁਤ ਛੋਟੇ ਫ਼ਲ ਬਾਹਰ ਕੱਢਣ ਉਪਰੰਤ 0.01% ਕਲੋਰੀਨੇਟਡ ਪਾਣੀ {ਸੋਡੀਅਮ ਹਾਈਪੋਕਲੋਰਾਈਟ 4% (2.5 ਮਿਲੀ/ਲੀਟਰ ਪਾਣੀ)} ਨਾਲ ਧੋ ਕੇ ਰੋਗਾਣੂੰ ਰਹਿਤ ਕਰੋ। ਕਿੰਨੂ ਦੇ ਫ਼ਲਾਂ ਨੂੰ ਖਾਣ ਯੋਗ ਮੋਮ ਦੀ ਲੇਪ ਪਾਣੀ ਦੇ ਵਾਸ਼ਪੀਕਰਨ ਨੂੰ ਘੱਟ ਕਰਨ, ਦਿੱਖ ਸੁਧਾਰਨ ਅਤੇ ਭੰਡਾਰਣ ਸਮਰੱਥਾ ਵਧਾਉਣ ਹਿੱਤ ਸਹਾਈ ਹੁੰਦੀ ਹੈ। ਪੈਕਿੰਗ ਫ਼ਲਾਂ ਨੂੰ ਸੰਭਾਲਣ ਅਤੇ ਭੰਡਾਰਨ ਦੌਰਾਨ ਸੁਰੱਖਿਆ ਮੁਹੱਈਆ ਕਰਦੀ ਹੈ। ਗੱਤੇ ਦੇ ਡੱਬੇ ਮੁਲਾਇਮ, ਘੱਟ ਵਜ਼ਨ, ਲਿੱਖਣ-ਯੋਗ ਅਤੇ ਮੁੜ ਵਰਤਣ-ਯੋਗ ਹੋਣ ਕਰਕੇ ਬਾਕੀ ਪੈਕਿੰਗਾਂ ਜਿਵੇਂ ਕਿ ਪਲਾਸਟਿਕ ਕਰੇਟ, ਲੱਕੜ ਦੇ ਡੱਬੇ ਜਾਂ ਬਾਲਟੀ ਨਾਲੋਂ ਵਧੀਆ ਰਹਿੰਦੇ ਹਨ। ਪੈਕਿੰਗ ਉੱਪਰ ਫ਼ਲ ਦਾ ਨਾਮ, ਵਜ਼ਨ, ਪੈਕਿੰਗ ਅਤੇ ਅੰਤਿਮ ਤਰੀਕ ਜ਼ਰੂਰ ਲਿਖੋ। ਵਧੀਆ ਪੈਕਿੰਗ ਨਾਲ ਮੰਡੀਕਰਨ ਸੌਖੀ ਹੋ ਜਾਂਦੀ ਹੈ ਅਤੇ ਉਪਜ ਦਾ ਚੰਗਾ ਮੁੱਲ ਮਿਲਦਾ ਹੈ। ਕਿੰਨੂ ਦੇ ਫ਼ਲਾਂ ਨੂੰ ਦੋ ਕਿਲੋ ਸਮਰੱਥਾ (335 ਮਿਲੀਮੀਟਰ × 215 ਮਿਲੀਮੀਟਰ × 95 ਮਿਲੀਲੀਟਰ), ਚਾਰ ਕਿਲੋ ਸਮਰੱਥਾ (335 ਮਿਲੀਮੀਟਰ × 215 ਮਿਲੀਮੀਟਰ × 185 ਮਿਲੀਮੀਟਰ) ਵਾਲੇ 3 ਤਹਿ ਵਾਲੇ ਸੀਐਫਬੀ ਡੱਬਿਆਂ ਵਿੱਚ ਪ੍ਰਚੂਨ ਮੰਡੀ ਅਤੇ 10 ਕਿਲੋ ਸਮਰੱਥਾ (450 ਮਿਲੀਮੀਟਰ × 240 ਮਿਲੀਮੀਟਰ × 180 ਮਿਲੀਮੀਟਰ) ਵਾਲੇ 5 ਤਹਿ ਵਾਲੇ ਡੱਬਿਆਂ ਵਿੱਚ ਦੂਰ ਦੀ ਮੰਡੀ ਵਿੱਚ ਭੇਜਿਆ ਜਾ ਸਕਦਾ ਹੈ।

**ਆਵਾਜਾਈ ਅਤੇ ਭੰਡਾਰਨ :** ਫ਼ਲਾਂ ਦੀ ਆਵਾਜਾਈ ਦੀ ਅਗੇਤੀ ਯੋਜਨਾ ਕਰਨੀ ਚਾਹੀਦੀ ਹੈ ਤਾਂ ਜੋ ਆਵਾਜਾਈ ਦੌਰਾਨ ਹੋਣ ਵਾਲੀਆਂ ਸਮੱਸਿਆਵਾਂ ਨਾਲ ਨਜਿੱਠਿਆ ਜਾ ਸਕੇ। ਫ਼ਲਾਂ ਨੂੰ ਟੈਂਪੂ, ਟਰੈਕਟਰ-ਟਰਾਲੀ ਅਤੇ ਟਰੱਕ ਤੇ ਨੇੜੇ ਦੀ ਮੰਡੀ ਲਿਜਾਇਆ ਜਾ ਸਕਦਾ ਹੈ, ਜਦਕਿ ਦੂਰ ਦੀਆਂ ਮੰਡੀਆਂ ਲਈ ਰੈਫਰੀਜਰੇਟਰ ਵੈਨਾਂ ਵਰਤਣੀਆਂ ਚਾਹੀਦੀਆਂ ਹਨ। ਕਿੰਨੂ ਦੇ ਫ਼ਲਾਂ ਨੂੰ ਐਚਡੀਪੀਈ ਲਿਫਾਫਿਆਂ (10 ਮਾਇਕਰੋਨ) ਵਿੱਚ ਇਕੱਲਿਆਂ ਪੈਕ ਕਰਨ ਦੀ ਪੀ.ਏ.ਯੂ. ਵੱਲੋਂ ਸਿਫ਼ਾਰਸ਼ ਕੀਤੀ ਜਾਂਦੀ ਹੈ, ਜਿਸ ਨਾਲ ਚਲਦੇ ਤਾਪਮਾਨ ਅਧੀਨ ਫ਼ਲਾਂ ਨੂੰ 8 ਹਫ਼ਤਿਆਂ ਲਈ ਭੰਡਾਰਣ ਕੀਤਾ ਜਾ ਸਕਦਾ ਹੈ। ਸਿਟਰਾਸ਼ਾਇਨ ਮੋਮ ਨਾਲ ਲੇਪ ਕੀਤੇ ਫ਼ਲਾਂ ਨੂੰ 2 ਹਫ਼ਤਿਆਂ ਲਈ ਸੰਭਲਿਆ ਜਾ ਸਕਦਾ ਹੈ। ਕਾਗਜ਼ ਦੀਆਂ ਮੋਲਡ ਟਰੇਆਂ ਵਿੱਚ ਫ਼ਲ ਰੱਖ ਕੇ ਉਪਰ ਸੁੰਗੜਣ ਯੋਗ ਫ਼ਿਲਮ ਚੜ੍ਹਾ ਕੇ ਫ਼ਲਾਂ ਦੀ ਭੰਡਾਰਣ ਸਮਰੱਥਾ 14 ਦਿਨ ਤੱਕ ਵਧਾਈ ਜਾ ਸਕਦੀ ਹੈ। ਸ਼ੀਤ ਭੰਡਾਰਣ (5-6 ਸੈਂਟੀਗਰੇਡ ਅਤੇ 90-95 ਪ੍ਰਤੀਸ਼ਤ ਨਮੀ) ਵਿੱਚ ਕਿੰਨੂ ਦੇ ਫ਼ਲਾਂ ਨੂੰ 5% ਹਵਾਦਾਰ ਸੀਐਫਬੀ ਡੱਬਿਆਂ ਵਿੱਚ 45 ਦਿਨਾਂ ਲਈ ਸੰਭਾਲਿਆ ਜਾ ਸਕਦਾ ਹੈ।

ਇਸ ਤਰ੍ਹਾਂ ਉਪਰੋਕਤ ਤੁੜਾਈ ਅਤੇ ਸਾਂਭ-ਸੰਭਾਲ ਤਕਨੀਕ ਨਾਲ ਕਿੰਨੂ ਦੇ ਫ਼ਲਾਂ ਦੀ ਭੰਡਾਰਣ ਸਮਰੱਥਾ ਨੂੰ ਵਧਾ ਕੇ ਕਿਸਾਨ ਚੰਗਾ ਮੁੱਲ ਪ੍ਰਾਪਤ ਕਰਕੇ ਵੱਧ ਮੁਨਾਫ਼ਾ ਕਮਾ ਸਕਦੇ ਹਨ।

# ਪ੍ਰਵਾਸੀ ਕਾਮੇ

## ਸਹੂਲਤਾਂ ਅਤੇ ਸਮੱਸਿਆਵਾਂ





ਡਾ. ਰਣਜੀਤ ਸਿੰਘ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

ਕੋਈ ਸਮਾਂ ਸੀ ਜਦੋਂ ਪਿੰਡ ਵਿੱਚ ਕਿਸਾਨ ਕੁੱਕੜ ਦੀ ਬਾਂਗ ਸੁਣ ਸਵੇਰੇ ਚਾਰ ਵਜੇ ਹੀ ਬਲਦਾਂ ਦੀ ਜੋਗ ਲੈ ਕੇ ਹੱਲ ਵਾਹੁਣ ਟੁਰ ਪੈਂਦਾ ਸੀ । ਸੂਰਜ ਨਿਕਲਣ ਤੱਕ ਉਹ ਚਾਰ ਕਨਾਲ ਦੀ ਵਹਾਈ ਕਰ ਲੈਂਦਾ ਸੀ । ਖੇਤ ਵਿੱਚ ਹੀ ਉਸਦਾ ਨਾਸ਼ਤਾ ਜਾਂਦਾ ਸੀ ਜਿਸ ਵਿੱਚ ਰੋਟੀਆਂ, ਮੱਖਣ, ਆਚਾਰ ਅਤੇ ਲੱਸੀ ਹੁੰਦੇ ਸਨ । ਹੁਣ ਸਾਡੇ ਕਿਸਾਨ ਖਾਸ ਕਰਕੇ ਨੌਜਵਾਨ ਸੂਰਜ ਦੇ ਚੜ੍ਹਨ ਪਿੱਛੋਂ ਬਿਸਤਰੇ ਵਿੱਚੋਂ ਉੱਠਦੇ ਹਨ । ਨਹਾ ਧੋ ਕੇ ਤਿਆਰ ਹੋ ਕੇ ਖੇਤ ਨੂੰ ਜਾਂਦੇ ਹਨ । ਟਿਊਬਵੈਲ ਉੱਤੇ ਹੀ ਭਈਏ ਨੂੰ ਕਰਨ ਵਾਲੇ ਕੰਮ ਬਾਰੇ ਦਸ ਕੇ ਆਪ ਸਕੂਟਰ ਦੀ ਕਿੱਕ ਮਾਰ ਸ਼ਹਿਰ ਵੱਲ ਰਵਾਨਾ ਹੋ ਜਾਂਦੇ ਹਨ । ਕਈ ਕਿਸਾਨ ਤਾਂ ਫ਼ਸਲ ਨੂੰ ਵੇਖਣ ਦਾ ਵੀ ਕਸ਼ਟ ਨਹੀਂ ਕਰਦੇ । ਸੂਰਜ ਡੁੱਬਿਆ ਪਿੰਡ ਵੱਲ ਚਾਲੇ ਪਾਉਂਦੇ ਹਨ । ਰਾਹ ਵਿੱਚ ਨਹਿਰ ਦੇ ਪੁੱਲ ਦੇ ਲਾਗੇ ਠੇਕੇ ਉੱਤੇ ਉਨ੍ਹਾਂ ਦਾ ਸਕੂਟਰ ਰੁੱਕ ਜਾਂਦਾ ਹੈ ।

ਇੱਥੋਂ ਤੱਕ ਕਿ ਘਰ ਦੇ ਕੰਮਾਂ ਲਈ ਵੀ ਔਰਤਾਂ ਹੁਣ ਇਨ੍ਹਾਂ ਉੱਤੇ ਹੀ ਨਿਰਭਰ ਹੋ ਗਈਆਂ ਹਨ । ਇੱਕ ਠੇਕੇ ਦੇ ਬਾਹਰ ਬੈਠੇ ਦਾਰੂ ਪੀ ਰਹੇ ਇਨ੍ਹਾਂ ਆਧੁਨਿਕ ਅਮਲੀਆਂ ਵਿਚਕਾਰ ਹੋ ਰਹੀ ਗੱਲਬਾਤ ਦਾ ਇੱਕ ਨਮੂਨਾ ਵੇਖੋ; 'ਯਾਰ ਅੰਗ੍ਰੇਜ਼ਾਂ ਨੇ ਦਾਰੂ ਵੀ ਕੀ ਚੀਜ਼ ਬਣਾਈ ਹੈ ਧਰਤੀ ਉੱਤੇ ਹੀ ਸਵਰਗ ਨਜ਼ਰ ਆ ਜਾਂਦਾ ਹੈ । ਸਾਡੇ ਬਜ਼ੁਰਗ ਤਾਂ ਰੂੜ੍ਹੀ ਬਰਾਂਡ ਪੀ ਕੇ ਨਰਕ ਦੇ ਝੂਟੇ ਲੈਂਦੇ ਰਹੇ । ਸਵਰਗ ਤਾਂ ਸਾਨੂੰ ਨਸੀਬ ਹੋਇਆ ਹੈ । ਅੰਗ੍ਰੇਜ਼ੀ ਦਾਰੂ ਨਾਲ ਤੰਦੂਰੀ ਮੁਰਗਾ ਤੇ ਮੱਛੀ ਦੇ ਪਕੌੜੇ ਤਾਂ ਸੋਨੇ ਉੱਤੇ ਸੁਹਾਗੇ ਦਾ ਕੰਮ ਕਰਦੇ ਹਨ ।' ਦੂਜਾ ਅਮਲੀ ਅੱਗੋਂ ਬੋਲਦਾ ਹੈ, ''ਬਾਈ ਤੂੰ ਸੱਚ ਕਹਿੰਦਾ ਜੂਨ ਤਾਂ ਸਾਡੀ ਹੈ । ਬਜ਼ੁਰਗ ਤਾਂ ਸਾਰੀ ਉਮਰ ਮਿੱਟੀ ਵਿੱਚ ਹੀ ਰੁਲਦੇ ਰਹੇ ਹਨ ।''

ਪਹਿਲਾਂ : ਹਾਂ ਬਈ ਜੇਕਰ ਇਹ ਭਈਏ ਨਾ ਆਉਂਦੇ ਤਾਂ ਹੁਣ ਅਸੀਂ ਵੀ ਇਸ ਵੇਲੇ ਕਿਸੇ ਖੇਤ ਦੇ ਨੱਕੇ ਮੋੜਦੇ ਹੋਣਾ ਸੀ ।

ਸਾਡੇ ਇਹ ਨੌਜਵਾਨ ਦੇਰ ਰਾਤ ਗਏ ਸ਼ਰਾਬੀ ਹੋਏ ਘਰ ਵੜਦੇ ਹਨ । ਸਵੇਰੇ ਦੇਰ ਨਾਲ ਸੁੱਤੇ ਉੱਠਦੇ ਹਨ ਤੇ ਦੂਜੇ ਦਿਨ ਫਿਰ ਸਕੂਟਰ ਤੇ ਸਵਾਰ ਹੋ ਕੇ ਸ਼ਹਿਰ ਵੱਲ ਚਾਲੇ ਪਾ ਦਿੰਦੇ ਹਨ । ਘਰ ਅਤੇ ਖੇਤ ਦੀ ਸਾਰੀ ਜ਼ਿੰਮੇਵਾਰੀ ਪ੍ਰਵਾਸੀ ਮਜ਼ਦੂਰ ਦੇ ਸਿਰ ਹੈ । ਜੇਕਰ ਇਹੋ ਸਿਲਸਿਲਾ ਚੱਲਦਾ ਰਿਹਾ ਤਾਂ ਫਿਰ ਸਾਡੀ ਖੇਤੀ ਅਤੇ ਸਾਡੇ ਘਰਾਂ ਦਾ ਰੱਬ ਹੀ ਰਾਖਾ । ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ ਦੇ ਵਾਧੇ ਨਾਲ ਇੱਥੋਂ ਦੀ ਵਸੋਂ ਦਾ ਸੰਤੁਲਨ ਵੀ ਵਿਗੜ ਰਿਹਾ ਹੈ । ਰਾਜਸੀ ਆਗੂਆਂ ਨੇ ਆਪਣੀਆਂ ਕੁਰਸੀਆਂ ਲਈ ਇਨ੍ਹਾਂ ਲੋਕਾਂ ਦੀਆਂ ਵੋਟਾਂ ਵੀ ਬਣਵਾ ਲਈਆਂ ਹਨ । ਜੇਕਰ ਇਹ ਸਿਲਸਿਲਾ ਇਵੇਂ ਹੀ ਚੱਲਦਾ ਰਿਹਾ ਤਾਂ ਅਨੇਕਾਂ ਕੁਰਬਾਨੀਆਂ ਦੇ ਕੇ ਅਤੇ ਚੌਖਾ ਰਕਬਾ ਹੱਥੋਂ ਗੁਆ ਪ੍ਰਾਪਤ ਕੀਤੇ ਪੰਜਾਬੀ ਸੂਬੇ ਦਾ ਮੁੜ ਸਰੂਪ ਵਿਗੜ ਜਾਵੇਗਾ । ਅਜਿਹਾ ਸਮਾਂ ਵੀ ਆ ਸਕਦਾ ਹੈ ਜਦੋਂ ਕੋਸ਼ਿਸ਼ ਕੀਤਿਆਂ ਵੀ ਕਿਸੇ ਖਿੱਤੇ ਨੂੰ ਪੰਜਾਬੀ ਸੂਬਾ ਆਖਣਾ ਔਖਾ ਹੋ ਜਾਵੇਗਾ ।

ਇਹ ਸਮੱਸਿਆ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਹੈ । ਸਾਡੇ ਆਗੂ ਕਬੂਤਰ ਵਾਂਗ ਅੱਖਾਂ ਮੀਟੀ ਬੈਠੇ ਹਨ । ਜੇਕਰ ਕੁੱਝ ਸਮਾਂ ਇੰਝ ਹੀ ਹੋਰ ਬੈਠੇ ਰਹੇ ਫਿਰ ਬਿੱਲੀ ਤੋਂ ਬੱਚਣਾ ਔਖਾ ਹੋ ਜਾਵੇਗਾ । ਇਸ ਸੰਬੰਧੀ ਕੋਈ ਠੋਸ ਅਤੇ ਉਸਾਰੂ ਨੀਤੀ ਬਣਾਈ ਜਾਵੇ ਅਤੇ ਉਸ ਉੱਤੇ ਸੰਜੀਦਗੀ ਨਾਲ ਅਮਲ ਕੀਤਿਆਂ ਹੀ ਇਸ ਸਮੱਸਿਆ ਦਾ ਢੁੱਕਵਾਂ ਹੱਲ ਲੱਭਿਆ ਜਾ ਸਕਦਾ ਹੈ ।

ਹੱਥੀਂ ਕੰਮ ਨਾ ਕਰਨ ਦੀ ਆਦਤ ਨੇ ਪੰਜਾਬੀ ਮਰਦਾਂ ਅਤੇ ਔਰਤਾਂ ਵਿੱਚ ਬਿਮਾਰੀਆਂ ਦਾ ਚੋਖਾ ਵਾਧਾ ਕੀਤਾ ਹੈ । ਪੈਰਾਂ ਭਾਰ ਬੈਠ ਹੁਣ ਕੋਈ ਕੰਮ ਕਰਦਾ ਹੀ ਨਹੀਂ ਗੋਡੇ ਬਦਲਾਉਣ ਵਾਲਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ । ਇਸੇ ਤਰ੍ਹਾਂ ਘਰ ਦਾ ਦੁੱਧ, ਮੱਖਣ, ਲੱਸੀ ਦੀ ਵਰਤੋਂ ਬਹੁਤ ਘੱਟ ਗਈ ਹੈ । ਚਾਹ, ਨਸ਼ੇ ਅਤੇ ਬਜ਼ਾਰੀ ਖਾਣਿਆਂ ਦੀ ਵਰਤੋਂ ਵੱਧ ਰਹੀ ਹੈ । ਇੰਝ ਕੈਂਸਰ ਰੋਗ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ । ਹੁਨਰੀ ਕੰਮ ਆਪ ਨਾ ਕਰਨ ਕਰਕੇ ਪੰਜਾਬੀ ਹੁਨਰ ਵਿਹੂਣੇ ਹੋ ਰਹੇ ਹਨ । ਹੋਰ ਵੀ ਕਈ ਸਮੱਸਿਆਵਾਂ ਹਨ । ਸਾਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਹੁਨਰੀ ਬਣਾਈਏ, ਸਰਕਾਰੀ ਸਕੂਲਾਂ ਵਿੱਚ ਪੜ੍ਹਾਈਏ । ਹੁਣ ਸਰਕਾਰੀ ਸਕੂਲਾਂ ਵਿੱਚ ਬਹੁਤੇ ਬੱਚੇ ਇਨ੍ਹਾਂ ਦੇ ਹੀ ਪੜ੍ਹਦੇ ਹਨ । ਪੰਜਾਬੀ ਦੀ ਪੜ੍ਹਾਈ ਕਰਨ ਕਰਕੇ ਛੋਟੀਆਂ ਨੌਕਰੀਆਂ ਵੀ ਇਹ ਬੱਚੇ ਹੀ ਕਰ ਰਹੇ ਹਨ ।

ਸਾਡੇ ਆਗੂਆਂ ਅਤੇ ਸਮਾਜ ਸੇਵਕਾਂ ਨੂੰ ਬੈਠ ਕੇ ਗੰਭੀਰ ਚਰਚਾ ਕਰਨੀ ਚਾਹੀਦੀ ਹੈ ਤਾਂ ਜੋ ਸਹੂਲਤ ਤੋਂ ਸਮੱਸਿਆ ਬਣ ਰਹੀ ਇਸ ਸਮੱਸਿਆ ਦਾ ਹੱਲ ਲੱਭਿਆ ਜਾ ਸਕੇ । ਪੰਜਾਬੀਆਂ ਨੂੰ ਆਪ ਆਪਣਾ ਕੰਮ ਕਰਨ ਲਈ ਉਤਸ਼ਾਹਿਤ ਕਰੋ । ਕੰਮ ਘੱਟ ਮਿਲਣ ਕਾਰਨ ਇਨ੍ਹਾਂ ਵਿੱਚੋਂ ਬਹੁਤੇ ਆਪਣੇ ਆਪ ਵਾਪਸ ਚਲੇ ਜਾਣਗੇ ।

# ਖੇਤੀ ਵਿੱਚ ਸੁਧਾਰ ਲਿਆਉਣ ਦੀ ਲੋੜ



ਭਗਵਾਨ ਦਾਸ

ਭਾਰਤ ਇੱਕ ਖੇਤੀ ਪ੍ਰਧਾਨ ਮੁਲਕ ਹੈ । ਇਸ ਦੀ ਜਨਸੰਖਿਆ ਵਧੇਰੇ ਪਿੰਡਾਂ ਵਿੱਚ ਰਹਿੰਦੀ ਹੈ । ਪਿੰਡਾਂ ਦੀ ਆਰਥਿਕਤਾ ਖੇਤੀਬਾੜੀ 'ਤੇ ਆਧਾਰਤ ਹੈ, ਜਿੱਥੇ ਜ਼ਿਆਦਾ ਗਰੀਬੀ ਹੈ । ਸਰਕਾਰ ਵੱਲੋਂ ਕੁੱਝ ਸ਼੍ਰੇਣੀਆਂ ਦੇ ਗਰੀਬਾਂ ਨੂੰ ਮੁਫ਼ਤ ਰਾਸ਼ਨ ਜਿਸ ਵਿੱਚ ਚਾਵਲ ਤੇ ਕਣਕ ਹੈ, ਦਿੱਤੇ ਜਾ ਰਹੇ ਹਨ । ਇਸ ਤੋਂ ਇਲਾਵਾ ਇਹ ਅਨਾਜ ਰਿਆਇਤੀ ਨਿਰਖਾਂ 'ਤੇ ਵੀ ਕਈਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਉਪਲਬਧ ਹੈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜਾਰੀ ਕੀਤੀ ਗਈ ਯੋਜਨਾ ਤਹਿਤ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਮਾਲੀ ਇਮਦਾਦ ਵੀ ਦਿੱਤੀ ਜਾ ਰਹੀ ਹੈ । ਹਰਿਆਣਾ ਤੇ ਕਈ ਹੋਰ ਥਾਵਾਂ 'ਤੇ ਕੁੱਝ ਔਰਤਾਂ ਨੂੰ ਨਕਦ ਰੂਪ ਵਿੱਚ ਮਦਦ ਦਿੱਤੀ ਜਾ ਰਹੀ ਹੈ । ਕਣਕ ਤੇ ਚੌਲ ਜੋ ਅਨਾਜ ਦੇ ਤੌਰ 'ਤੇ ਹਰ ਵਿਅਕਤੀ ਖਾਂਦਾ ਹੈ, ਦੇ ਬਫਰ ਸਟਾਕ ਨਿਯਤ ਮਿਕਦਾਰ ਨਾਲੋਂ ਵੱਧ ਭਰੇ ਪਏ ਹਨ । ਰਾਜਾਂ ਵਿੱਚ ਕਣਕ ਤੇ ਝੋਨੇ ਦੀ ਪੈਦਾਵਾਰ ਵੱਧ ਰਹੀ ਹੈ । ਇਸ ਦੇ ਬਾਵਜੂਦ ਜਨਸੰਖਿਆ ਦਾ ਤਕਰੀਬਨ 10ਵਾਂ ਹਿੱਸਾ ਵਧੇਰੇ ਗਰੀਬੀ ਪੱਧਰ 'ਤੇ ਹੈ, ਜਿਨ੍ਹਾਂ ਨੂੰ ਢਿੱਡ ਭਰ ਦੋ-ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ । ਅਜਿਹੀ ਜਨਸੰਖਿਆ ਦੇ ਬਹੁਤੇ ਗਰੀਬ ਲੋਕ ਪਿੰਡਾਂ ਵਿੱਚ ਰਹਿੰਦੇ ਹਨ । ਮਨਰੇਗਾ ਪ੍ਰੋਗਰਾਮ ਦੇ ਬਾਵਜੂਦ ਲੋਕਾਂ ਦੀ ਖਰੀਦ ਸ਼ਕਤੀ ਨਹੀਂ ਵੱਧ ਰਹੀ, ਜਿਸ ਨੂੰ ਵਧਾਉਣ ਦੀ ਲੋੜ ਹੈ । ਇਸ ਲਈ ਮਨਰੇਗਾ ਪ੍ਰੋਗਰਾਮ ਵਿੱਚ ਵੀ ਕੁੱਝ ਤਬਦੀਲੀਆਂ ਲਿਆਉਣੀਆਂ ਪੈਣਗੀਆਂ ।

ਖੇਤੀਬਾੜੀ ਵਿੱਚ ਤਕਰੀਬਨ 49 ਫ਼ੀਸਦੀ ਲੋਕ ਲੱਗੇ ਹੋਏ ਹਨ, ਜਦਕਿ ਆਜ਼ਾਦੀ ਮਿਲਣ ਵੇਲੇ 1947 ਤੋਂ ਬਾਅਦ 70% ਤੋਂ ਵੱਧ ਜਨਸੰਖਿਆ ਖੇਤੀਬਾੜੀ ਵਿੱਚ ਲੱਗੀ ਹੋਈ ਸੀ । ਆਰਥਿਕ ਤੌਰ 'ਤੇ ਅਜੇ ਵੀ ਵੱਖੋ-ਵੱਖ ਰਾਜਾਂ ਵਿੱਚ ਅਜਿਹੇ ਢੰਗ ਨਾਲ 60-70% ਤੋਂ ਉੱਪਰ ਲੋਕ ਖੇਤੀਬਾੜੀ 'ਤੇ ਨਿਰਭਰ ਹਨ । ਜੋ ਖੇਤੀਬਾੜੀ ਵਿਕਾਸ ਦਰ ਡਿੱਗੀ ਹੈ, ਉਹ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ । ਆਜ਼ਾਦੀ ਵੇਲੇ ਸਾਲਾਨਾ ਆਰਥਿਕ ਪੈਦਾਵਾਰ (ਜੀ.ਡੀ.ਪੀ.) ਵਿੱਚ ਖੇਤੀ ਦਾ ਯੋਗਦਾਨ 54% ਸੀ, ਜੋ ਹੁਣ 17-18 ਫ਼ੀਸਦੀ ਤੋਂ ਵੀ ਥੱਲੇ ਜਾ ਰਿਹਾ ਹੈ । ਕਿਸਾਨਾਂ ਦੀ ਬਹੁ-ਗਿਣਤੀ ਕੋਲ ਛੋਟੇ ਖੇਤ ਹਨ । ਤਕਰੀਬਨ 80-85% ਵਾਹੀਕਾਰਾਂ ਕੋਲ ਖੇਤ 5 ਏਕੜ ਤੋਂ ਵੀ ਘੱਟ ਹੈ । ਇਨ੍ਹਾਂ ਛੋਟੇ ਖੇਤਾਂ ਤੋਂ ਆ ਰਹੀ ਆਮਦਨ ਨਾਲ ਕਿਸਾਨਾਂ ਦਾ ਗੁਜ਼ਾਰਾ ਨਹੀਂ ਹੁੰਦਾ, ਇਸ ਲਈ ਉਨ੍ਹਾਂ ਦੀ ਬਹੁ-ਸੰਖਿਆ ਕਰਜ਼ਈ ਹੈ । ਪੰਜਾਬ ਵਰਗੇ ਖੇਤੀ ਵਿਕਸਿਤ ਸੂਬੇ ਵਿੱਚ ਕਿਸਾਨਾਂ ਦੀ ਬਹੁਤ ਵੱਡੀ ਗਿਣਤੀ ਕਰਜ਼ਈ ਹੋ ਗਈ ਹੈ । ਖ਼ਰਚੇ ਵੱਧ ਗਏ ਹਨ, ਜਿਣਸਾਂ ਦੀਆਂ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਨਾ ਮਿਲਣ ਕਾਰਨ ਬਹੁਤੇ ਕਿਸਾਨ ਘਾਟੇ ਦਾ ਸ਼ਿਕਾਰ ਹੋ ਰਹੇ ਹਨ ਅਤੇ ਆਪਣਾ ਗੁਜ਼ਾਰਾ ਤੇ ਖੇਤੀ ਦੇ ਕੰਮ ਕਰਜ਼ੇ ਲੈ ਕੇ ਚਲਾਉਣ ਲਈ ਮਜ਼ਬੂਰ ਹਨ । ਖੇਤ ਮਜ਼ਦੂਰਾਂ ਤੇ ਪਟੇਦਾਰਾਂ ਦੀ ਤਾਦਾਦ ਵੱਧ ਰਹੀ ਹੈ । ਕਿਸਾਨਾਂ ਦੇ ਨੌਜਵਾਨ ਮੁੰਡੇ ਖੇਤੀ ਦਾ ਕੰਮ ਛੱਡ ਕੇ ਆਪਣੇ ਖੁਸ਼ਹਾਲ ਬਣਨ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਿਦੇਸ਼ਾਂ ਵੱਲ ਭੱਜ ਗਏ ਹਨ । ਖੇਤੀ ਵੱਧ ਤੋਂ ਵੱਧ ਮਜ਼ਦੂਰਾਂ 'ਤੇ ਨਿਰਭਰ ਹੋ ਗਈ ਹੈ ।

ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਦੀ ਪੂਰੀ ਕੀਮਤ ਨਹੀਂ ਮਿਲਦੀ । ਜਿਨ੍ਹਾਂ ਫ਼ਸਲਾਂ ਦੀ ਐਮ. ਐਸ. ਪੀ. ਹੈ, ਉਸ 'ਤੇ ਵੀ ਐਮ. ਐਸ. ਪੀ. ਦਰ 'ਤੇ ਫ਼ਸਲ ਵੇਚ ਕੇ ਵੱਟਤ ਪੱਲੇ ਨਹੀਂ ਪੈਂਦੀ । ਆਲੂ ਉਤਪਾਦਕ ਵੀ ਇਸ ਸਾਲ ਘਾਟੇ ਵਿੱਚ ਹਨ । ਪੰਜਾਬ ਵਿੱਚ ਇਸ ਸਾਲ ਬਹੁਤੇ ਝੋਨਾ ਉਤਪਾਦਕਾਂ ਨੂੰ ਐਮ.ਐਸ.ਪੀ. ਤੋਂ ਘੱਟ ਆਪਣੀ ਫ਼ਸਲ ਵੇਚਣੀ ਪਈ, ਇਸ ਤਰ੍ਹਾਂ ਉਹ ਘਾਟੇ ਵਿੱਚ ਹਨ । ਬਿਮਾਰੀਆਂ, ਹੜ੍ਹਾਂ, ਬਾਰਿਸ਼ਾਂ ਕਾਰਨ ਉਨ੍ਹਾਂ ਦਾ ਦਵਾਈਆਂ ਦੇ ਛਿੜਕਾਅ, ਖੇਤਾਂ ਦੀ ਸਮੱਗਰੀ, ਲੇਬਰ 'ਤੇ ਬੜਾ ਖ਼ਰਚਾ ਆਇਆ ਹੈ । ਬਾਸਮਤੀ ਦੇ ਉਤਪਾਦਨ ਵੀ ਮੰਦੇ ਤੋਂ ਬੜੇ ਮਾਯੂਸ ਹਨ । ਪਿਛਲੇ ਸਾਲ ਪੂਸਾ ਬਾਸਮਤੀ 1121 ਦੀ ਉਨ੍ਹਾਂ ਨੂੰ 4600-4800 ਰੁਪਏ ਪ੍ਰਤੀ ਕੁਇੰਟਲ ਕੀਮਤ ਮਿਲਦੀ ਸੀ, ਜੋ ਇਸ ਸਾਲ ਘੱਟ ਕੇ 3400-3600 ਰੁਪਏ ਰਹਿ ਗਈ ਹੈ । ਦੂਜੀਆਂ ਬਾਸਮਤੀ ਕਿਸਮਾਂ ਦੀ ਕੀਮਤ ਵੀ 3200-3300 ਤੋਂ ਘੱਟ ਕੇ 2400-2600 ਰੁਪਏ 'ਤੇ ਆ ਗਈ ।

ਚੌਲ ਵਿਸ਼ਵ ਦੀ ਦੋ-ਤਿਹਾਈ ਆਬਾਦੀ ਦੀ ਖ਼ੁਰਾਕ ਹੈ । ਖੇਤੀ ਦੇ ਵਾਤਾਵਰਨ ਵਿੱਚ ਵਿਆਪਕ ਤਪਸ਼ ਵੱਧਣ ਲਈ ਵਿਗਿਆਨੀਆਂ ਵੱਲੋਂ ਲਗਾਏ ਅਨੁਮਾਨ ਕਾਰਨ ਭਵਿੱਖ ਵਿੱਚ ਫ਼ਸਲ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ । ਮਾਹਿਰਾਂ ਦੇ ਅਨੁਮਾਨ ਅਨੁਸਾਰ ਤਪਸ਼ ਵਿੱਚ 1 ਡਿਗਰੀ ਸੈਲਸੀਅਸ ਦਾ ਵਾਧਾ ਹੋਣ ਨਾਲ ਚੌਲਾਂ ਦਾ 10% ਉਤਪਾਦਨ ਘੱਟ ਜਾਵੇਗਾ । ਚੀਨ ਨੂੰ ਛੱਡ ਕੇ ਭਾਰਤ ਚੌਲਾਂ ਦਾ ਵੱਡਾ ਉਤਪਾਦਕ ਹੈ ਤੇ ਚੌਲ ਵੱਡੀ ਮਾਤਰਾ ਵਿੱਚ ਬਰਾਮਦ ਕਰਦਾ ਹੈ । ਇਸ ਲਈ ਭਵਿੱਖ ਵਿੱਚ ਜੇ ਵਾਤਾਵਰਨ ਵਿੱਚ ਤਪਸ਼ ਹੋਰ ਵੱਧੀ ਤਾਂ ਇਸ ਨਾਲ ਭਾਰਤ ਦੇ ਕਿਸਾਨ ਵੀ ਪ੍ਰਭਾਵਿਤ ਹੋਣਗੇ । ਝੋਨਾ-ਕਣਕ ਦੇ ਫ਼ਸਲੀ ਚੱਕਰ ਵਿੱਚ ਬਦਲ ਲਿਆਉਣ ਦੀ ਲੋੜ ਹੈ । ਇਸ ਨਾਲ ਜ਼ਮੀਨ ਥੱਲੇ ਪਾਣੀ ਦਾ ਪੱਧਰ ਘਟਣ ਦੀ ਸਮੱਸਿਆ 'ਤੇ ਵੀ ਕਾਬੂ ਪਾਵੇਗਾ । ਬਾਸਮਤੀ ਇੱਕ ਅਜਿਹੀ ਫ਼ਸਲ ਹੈ, ਜਿਸ ਨੂੰ ਝੋਨੇ ਦੇ ਮੁਕਾਬਲੇ ਘੱਟ ਪਾਣੀ ਦੀ ਲੋੜ ਹੁੰਦੀ ਹੈ । ਇਸ ਹੇਠ ਰਕਬਾ ਵਧਾਉਣ ਲਈ ਇਸ ਦੀ ਐਮ.ਐਸ.ਪੀ. ਮੁਕੱਰਰ ਕੀਤੀ ਜਾਏ ਤੇ ਇਸ ਦੀ ਬਰਾਮਦ ਵਧਾਈ ਜਾਏ ।

ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਸੰਬੰਧੀ ਕੋਈ ਵਿਸ਼ੇਸ਼ ਪ੍ਰਾਪਤੀ ਨਹੀਂ ਹੋਈ । ਖੋਜ ਨੂੰ ਪਸ਼ੂ ਪਾਲਣ, ਬਾਗਬਾਨੀ, ਸਬਜ਼ੀਆਂ, ਫ਼ਲਾਂ ਦੀ ਕਾਸ਼ਤ ਤੇ ਤੇਲ ਬੀਜ ਆਦਿ ਫ਼ਸਲਾਂ ਤੇ ਵਧੇਰੇ ਝਾੜ ਦੇਣ ਵਾਲੀਆਂ ਅਤੇ ਅਜਿਹੀਆਂ ਕਿਸਮਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਦਾ ਮੁਨਾਫ਼ਾ ਖ਼ਰੀਫ਼ ਦੇ ਮੌਸਮ ਵਿੱਚ ਘੱਟੋ-ਘੱਟ ਝੋਨੇ ਜਿੰਨਾ ਹੋਵੇ । ਭਵਿੱਖ ਵਿੱਚ ਪਾਣੀ ਦੀ ਬੱਚਤ ਲਈ ਤੁਪਕਾ ਤੇ ਛਿੜਕਾਅ ਜਿਹੇ ਸਿੰਜਾਈ ਦੇ ਸਾਧਨ ਵਰਤੋਂ ਵਿੱਚ ਲਿਆਂਦੇ ਜਾਣੇ ਚਾਹੀਦੇ ਹਨ ।

ਕਿਸਾਨਾਂ ਵਲੋਂ ਖੇਤੀ ਸਮੱਗਰੀ ਜਿਵੇਂ ਯੂਰੀਆ, ਡੀ.ਏ.ਪੀ., ਪੋਟਾਸ਼ ਖਾਦਾਂ ਅਤੇ ਕੀਟਨਾਸ਼ਕਾਂ ਨੂੰ ਪਾਉਣ ਸੰਬੰਧੀ ਪੀ.ਏ.ਯੂ. ਦੇ ਮਾਹਿਰਾਂ ਦੀਆਂ ਸਿਫਾਰਸ਼ਾਂ ਮਨਵਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ । ਇਸ ਵੇਲੇ ਕਿਸਾਨ ਖੇਤੀ ਸਮੱਗਰੀ ਸਿਫ਼ਾਰਸ਼ ਨਾਲੋਂ ਵੱਧ ਮਿਕਦਾਰ ਵਿੱਚ ਫ਼ਸਲਾਂ ਵਿੱਚ ਪਾਈ ਜਾ ਰਹੇ ਹਨ, ਜੋ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਪ੍ਰਭਾਵਿਤ ਕਰਦੀ ਹੈ ਤੇ ਉਨ੍ਹਾਂ ਦੇ ਖ਼ਰਚਿਆਂ ਨੂੰ ਵਧਾਉਂਦੀ ਹੈ ।

ਖੇਤੀ ਦਾ ਭਵਿੱਖ ਉਸਾਰਨ, ਸਾਰੀ ਜਨਸੰਖਿਆ ਨੂੰ ਦੋ-ਡੰਗ ਰੋਟੀ ਮੁਹੱਈਆ ਕਰਨ ਤੇ ਕਿਸਾਨਾਂ ਦੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਉਪਰੋਕਤ ਕਦਮ ਉਠਾਏ ਜਾਣ ਦੀ ਲੋੜ ਹੈ ।

### ਇਸ ਸਾਲ ਐਮ.ਪੀ., ਯੂ.ਪੀ. ਵਿੱਚ ਦਰਜ ਹੋਏ ਸਭ ਤੋਂ ਵੱਧ ਮਾਮਲੇ

# ਪੰਜਾਬ, ਹਰਿਆਣਾ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਰਿਕਾਰਡ ਗਿਰਾਵਟ ਦੇ ਬਾਵਜੂਦ ਜਾਨਲੇਵਾ ਹੈ ਦਿੱਲੀ-ਐਨ.ਸੀ.ਆਰ. ਦੀ ਹਵਾ

ਦਿੱਲੀ-ਐਨ. ਸੀ. ਆਰ. ਦਾ ਪ੍ਰਦੂਸ਼ਣ ਕੋਈ ਨਵੀਂ ਸਮੱਸਿਆ ਨਹੀਂ ਹੈ, ਸਗੋਂ ਇਹ ਹਰ ਸਾਲ ਦੀ ਸਮੱਸਿਆ ਬਣ ਗਈ ਹੈ। ਜਿਵੇਂ ਹੀ ਸਰਦੀਆਂ ਦਸਤਕ ਦਿੰਦੀਆਂ ਹਨ ਤਾਂ ਉਸ ਸਮੇਂ ਦਿੱਲੀ-ਐਨ. ਸੀ. ਆਰ. ਵਿੱਚ ਪ੍ਰਦੂਸ਼ਣ ਵਿੱਚ ਉਛਾਲ ਦੇਖਣ ਨੂੰ ਮਿਲਦਾ ਹੈ। ਹਰ ਸਾਲ ਪ੍ਰਦੂਸ਼ਣ ਲਈ ਹਰਿਆਣਾ-ਪੰਜਾਬ ਵਿੱਚ ਕਿਸਾਨਾਂ ਵੱਲੋਂ ਸਾੜੀ ਜਾਣ ਵਾਲੀ ਪਰਾਲੀ ਦੇ ਧੂੰਏਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ, ਪਰ ਸਾਲ 2025 ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ-ਹਰਿਆਣਾ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 50 ਫੀਸਦੀ ਤੋਂ ਵੱਧ ਗਿਰਾਵਟ ਦਰਜ ਕੀਤੀ ਗਈ ਹੈ।

15 ਸਤੰਬਰ ਤੋਂ 29 ਨਵੰਬਰ ਵਿਚਾਲੇ ਹਰਿਆਣਾ ਵਿੱਚ ਸਿਰਫ 659 ਘਟਨਾਵਾਂ ਦਰਜ ਕੀਤੀਆਂ ਗਈਆਂ, ਜੋ 6 ਸਾਲਾਂ ਵਿੱਚ ਸਭ ਤੋਂ ਘੱਟ ਹਨ, ਜਦੋਂ ਕਿ ਪੰਜਾਬ ਵਿੱਚ 5101 ਮਾਮਲੇ ਰਿਪੋਰਟ ਹੋਏ ਹਨ। ਉੱਥੇ ਹੀ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਪਿਛਲੇ 6 ਸਾਲਾਂ ਵਿੱਚ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

### ਅੱਗ ਦੀਆਂ ਘਟਨਾਵਾਂ ਵਿੱਚ ਇਸ ਸਾਲ ਐਮ. ਪੀ. ਅਤੇ ਯੂ. ਪੀ. ਅੱਵਲ

ਖਾਸ ਗੱਲ ਇਹ ਹੈ ਕਿ ਹਰਿਆਣਾ ਵਿੱਚ 2021 ਵਿੱਚ ਅੱਗ ਲੱਗਣ ਦੀਆਂ ਸਭ ਤੋਂ ਵੱਧ 6969 ਘਟਨਾਵਾਂ ਵਿੱਚੋਂ 85 ਫੀਸਦੀ ਘੱਟ ਹਨ। ਸੂਬੇ ਵਿੱਚ 2020 ਵਿੱਚ 4185 ਮਾਮਲੇ ਰਿਪੋਰਟ ਕੀਤੇ ਗਏ ਸਨ, ਜਦੋਂਕਿ 2022 ਵਿੱਚ ਇਹ ਗਿਣਤੀ 3647, 2023 ਵਿੱਚ 2296 ਅਤੇ 2024 ਵਿੱਚ 1389 ਸੀ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ 2024 ਵਿੱਚ 15,261 ਅਤੇ 2022 ਵਿੱਚ 13,947 ਕੇਸ ਸਨ। ਉੱਤਰ ਪ੍ਰਦੇਸ਼ ਵਿੱਚ ਵੀ ਇਸੇ ਤਰ੍ਹਾਂ ਦਾ ਟ੍ਰੈਂਡ ਰਿਹਾ। 2023 ਵਿੱਚ 3737 ਕੇਸ, ਜੋ 2024 ਵਿੱਚ 5248 ਅਤੇ 2025 ਵਿੱਚ 6284 ਹੋ ਗਏ, ਜਦੋਂਕਿ ਰਾਜਸਥਾਨ ਵਿੱਚ ਵੀ 2023 ਵਿੱਚ 1769, 2024 ਵਿੱਚ 2709 ਅਤੇ ਹੁਣ ਗਿਣਤੀ 2867 ਹੋ ਗਈ ਹੈ। ਇਸ ਦੇ ਉਲਟ ਪੰਜਾਬ ਵਿੱਚ 5101 ਮਾਮਲੇ ਰਿਪੋਰਟ ਹੋਏ ਹਨ, ਜੋ 2024 ਵਿੱਚ 10,780 ਅਤੇ 2023 ਵਿੱਚ 36,614 ਹੋ ਕਾਫ਼ੀ ਘੱਟ ਹਨ।



### ਪਰਾਲੀ ਦੇ ਮਾਮਲੇ ਘਟੇ, ਫਿਰ ਕਿਉਂ ਵਧ ਰਿਹੈ ਏ. ਕਿਊ. ਆਈ.

ਦਿੱਲੀ-ਐਨ. ਸੀ. ਆਰ. ਵਿੱਚ ਏਅਰ ਕੁਆਲਿਟੀ 'ਤੇ ਜ਼ਿਆਦਾਤਰ ਅਸਰ ਉੱਤਰ-ਪੱਛਮੀ ਹਵਾਵਾਂ ਕਾਰਨ ਪੈਂਦਾ ਹੈ, ਜੋ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਪਰਾਲੀ ਸਾੜਨ ਵਾਲੀਆਂ ਥਾਵਾਂ ਤੋਂ ਦੂਸ਼ਿਤ ਹੋ ਕੇ ਦਿੱਲੀ ਆਉਂਦੀਆਂ ਹਨ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ ਵਿੱਚ ਰਿਸਰਚ ਅਤੇ ਐਡਵੋਕੇਸੀ ਦੀ ਐਗਜ਼ੀਕਿਊਟਿਵ ਡਾਇਰੈਕਟਰ ਅਨੁਮਿਤਾ ਰਾਏ ਚੌਧਰੀ ਅਨੁਸਾਰ ਜਦੋਂ ਦਿੱਲੀ-ਐਨ. ਸੀ. ਆਰ. ਦੀ ਓਵਰਆਲ ਏਅਰ ਕੁਆਲਿਟੀ ਵਿੱਚ ਪਰਾਲੀ ਸਾੜਨ ਦਾ ਹਿੱਸਾ ਘੱਟ ਹੋਇਆ ਹੈ, ਉਦੋਂ ਵੀ ਪ੍ਰਦੂਸ਼ਣ ਦਾ ਲੈਵਲ ਬਹੁਤ ਖਰਾਬ ਤੋਂ ਲੈ ਕੇ ਗੰਭੀਰ ਲੈਵਲ ਤੱਕ ਵੱਧ ਗਿਆ ਹੈ, ਜੋ ਲੋਕਲ ਪ੍ਰਦੂਸ਼ਣ ਸੋਰਸ ਦੇ ਜ਼ਿਆਦਾ ਅਸਰ ਨੂੰ ਦਿਖਾਉਂਦਾ ਹੈ।

ਇਹ ਇਲਾਕਾ ਹੁਣ ਪਰਾਲੀ ਦੇ ਧੂੰਏਂ ਦੇ ਪਿੱਛੇ ਨਹੀਂ ਲੁਕ ਸਕਦਾ। ਪਰਾਲੀ ਦੇ ਮਾਮਲਿਆਂ ਵਿੱਚ ਗਿਰਾਵਟ ਦਰਜ ਕਰਨ ਤੋਂ ਬਾਅਦ ਇੱਕ ਗੱਲ ਸਪੱਸ਼ਟ ਹੈ ਕਿ ਦਿੱਲੀ-ਐਨ. ਸੀ. ਆਰ. ਵਿੱਚ ਵਧਦੇ ਪ੍ਰਦੂਸ਼ਣ ਲਈ ਗੱਡੀਆਂ ਵਿੱਚੋਂ ਨਿਕਲਣ ਵਾਲਾ ਧੂੰਆਂ ਪਾਵਰ ਪਲਾਂਟ, ਨਿਰਮਾਣ ਕਾਰਜ ਆਦਿ ਤੋਂ ਇਲਾਵਾ ਇੱਕ ਕਾਰਨ ਇੱਟ ਭੱਠਿਆਂ ਤੋਂ ਨਿਕਲਣ ਵਾਲਾ ਧੂੰਆਂ ਵੀ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ. ਪੀ. ਸੀ. ਬੀ.) ਮੁਤਾਬਕ ਦਿੱਲੀ-ਐਨ. ਸੀ. ਆਰ. ਵਿੱਚ 4608 ਇੱਟ ਭੱਠੇ ਹਨ। ਹਰਿਆਣਾ ਵਿੱਚ 1762 ਭੱਠੇ, ਯੂ. ਪੀ. ਵਿੱਚ 1024 ਅਤੇ ਰਾਜਸਥਾਨ ਵਿੱਚ 217 ਭੱਠਿਆਂ ਸਮੇਤ ਕੁੱਲ 4608 ਇੱਟ ਭੱਠਿਆਂ ਵਿੱਚੋਂ 3003 ਜਿਗ-ਜੈਗ ਤਕਨੀਕ ਵਿੱਚ ਤਬਦੀਲ ਹੋ ਗਏ ਹਨ। ਜਿਨ੍ਹਾਂ ਇੱਟ ਭੱਠਿਆਂ ਨੂੰ ਜਿਗ-ਜੈਗ ਤਕਨੀਕ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ, ਉਨ੍ਹਾਂ ਨੂੰ ਸੰਚਾਲਨ ਦੀ ਆਗਿਆ ਨਹੀਂ ਹੈ। ਹਾਲਾਂਕਿ, ਹਕੀਕਤ ਇਹ ਹੈ ਕਿ ਇਨ੍ਹਾਂ ਵਿੱਚ ਜ਼ਿਆਦਾਤਰ ਭੱਠਿਆਂ ਵਿੱਚ ਗ੍ਰੈਵਿਟੀ ਸੈਟਲਿੰਗ ਚੈਂਬਰ ਨਹੀਂ ਹੁੰਦੇ ਹਨ, ਜੋ ਸਟੈਕ ਤੋਂ ਨਿਕਲਣ ਵਾਲੀ ਗੈਸ ਨੂੰ ਸਾਫ਼ ਕਰਦੇ ਹਨ, ਜਾਂ ਤਾਂ ਕੰਮ ਨਹੀਂ ਕਰ ਰਹੇ ਜਾਂ ਖਰਾਬ ਹੋ ਗਏ ਹਨ।

| ਸਾਲ 2025 ਵਿੱਚ ਸੂਬਿਆਂ ਵਿੱਚ ਦਰਜ ਪਰਾਲੀ ਦੇ ਮਾਮਲੇ | |
|---|---|
| ਹਰਿਆਣਾ | 659 |
| ਰਾਜਸਥਾਨ | 2,867 |
| ਪੰਜਾਬ | 5,101 |
| ਉੱਤਰ ਪ੍ਰਦੇਸ਼ | 6,284 |
| ਮੱਧ ਪ੍ਰਦੇਸ਼ | 15,501 |

### ਜ਼ਹਿਰ ਉਗਲ ਰਹੇ ਹਨ 4500 ਉਦਯੋਗ

ਪ੍ਰਦੂਸ਼ਣ ਦਾ ਇੱਕ ਕਾਰਨ ਪ੍ਰਦੂਸ਼ਣਕਾਰੀ ਉਦਯੋਗ ਵੀ ਹਨ। ਰਾਜ ਸਭਾ ਵਿੱਚ ਇੱਕ ਪ੍ਰਸ਼ਨ ਦੇ ਲਿਖਤੀ ਜਵਾਬ ਵਿੱਚ ਜਨ-ਸ਼ਕਤੀ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਨੇ ਦੱਸਿਆ ਕਿ ਸੀ. ਪੀ. ਸੀ. ਬੀ. ਅਨੁਸਾਰ ਪੀ. ਜੀ. ਆਈ. (ਕੁੱਲ ਪ੍ਰਦੂਸ਼ਣ ਸੂਚਕ ਅੰਕ) ਤਹਿਤ ਦੇਸ਼ ਭਰ ਵਿੱਚ ਕੁੱਲ 4493 ਉਦਯੋਗ ਹਨ। ਇਨ੍ਹਾਂ ਵਿੱਚੋਂ 3633 ਉਦਯੋਗ ਚਾਲੂ ਸਨ ਅਤੇ 860 ਉਦਯੋਗ ਆਪਣੇ ਆਪ ਬੰਦ ਹੋ ਗਏ ਸਨ। ਚਾਲੂ ਉਦਯੋਗਾਂ ਵਿੱਚੋਂ 3031 ਉਦਯੋਗਾਂ ਦੇ ਵਾਤਾਵਰਣ ਮਾਪਦੰਡਾਂ ਦੀ ਪਾਲਣਾ ਕਰਨ ਦੀ ਰਿਪੋਰਟ ਮਿਲੀ, ਜਦੋਂ ਕਿ 572 ਉਦਯੋਗਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਅਤੇ ਪਾਲਣਾ ਨਾ ਕਰਨ ਵਾਲੀਆਂ 29 ਇਕਾਈਆਂ ਨੂੰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ (ਸੀ. ਐਸ. ਈ.) ਦੀ ਨਵੀਂ ਰਿਪੋਰਟ ਕਹਿੰਦੀ ਹੈ ਕਿ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਲਈ ਟ੍ਰੈਫਿਕ ਅਤੇ ਸਥਾਨਕ ਕਾਰਨ ਜ਼ਿੰਮੇਵਾਰ ਹਨ ਅਤੇ ਇਸ ਵਿੱਚ ਪਰਾਲੀ ਦਾ ਯੋਗਦਾਨ ਨਾਂਹ ਦੇ ਬਰਾਬਰ ਹੈ। ਰਿਪੋਰਟ ਮੁਤਾਬਕ ਦਿੱਲੀ ਦੇ 22 ਪ੍ਰਦੂਸ਼ਣ ਨਿਗਰਾਨੀ ਸਟੇਸ਼ਨਾਂ 'ਤੇ 59 ਵਿੱਚੋਂ 30 ਤੋਂ ਜ਼ਿਆਦਾ ਦਿਨ ਕਾਰਬਨ ਮੋਨੋਆਕਸਾਈਡ (ਸੀ. ਓ.) ਦੀ ਮਾਤਰਾ ਤੈਅ ਸੀਮਾ ਤੋਂ ਉੱਪਰ ਰਹੀ। ਦੁਆਰਕਾ ਸੈਕਟਰ 8 ਵਿੱਚ ਸਭ ਤੋਂ ਵੱਧ 55 ਦਿਨ। ਜਹਾਂਗੀਰਪੁਰੀ ਅਤੇ ਦਿੱਲੀ ਯੂਨੀਵਰਸਿਟੀ ਨਾਰਥ ਕੈਂਪਸ ਵਿੱਚ 50-50 ਦਿਨ ਹਵਾ ਵਿੱਚ ਸੀ. ਓ. ਦੀ ਮਾਤਰਾ ਤੈਅ ਮਾਪਦੰਡਾਂ ਤੋਂ ਵੱਧ ਰਹੀ, ਜਦੋਂ ਕਿ ਜਹਾਂਗੀਰਪੁਰੀ ਦਿੱਲੀ ਦਾ ਸਭ ਤੋਂ ਪ੍ਰਦੂਸ਼ਿਤ ਹੌਟ ਸਪਾਟ ਬਣ ਕੇ ਉਭਰਿਆ ਹੈ, ਜਿੱਥੇ ਸਾਲਾਨਾ ਪੀ. ਐਮ. 2.5 ਔਸਤ 119 ਯੂ. ਜੀ./ਐਮ.-3 ਦਰਜ ਕੀਤਾ ਗਿਆ। ਇਸ ਤੋਂ ਬਾਅਦ ਬਵਾਨਾ-ਵਜ਼ੀਰਪੁਰ 113 ਯੂ. ਜੀ./ਐਮ-3 ਅਤੇ ਆਨੰਦ ਵਿਹਾਰ 111 ਯੂ. ਜੀ./ਐਮ-3 ਦਾ ਨੰਬਰ ਆਉਂਦਾ ਹੈ। ਸੀ. ਐਸ. ਈ. ਦੀ ਤਾਜ਼ਾ ਰਿਪੋਰਟ ਵੀ ਇਸ ਗੱਲ 'ਤੇ ਮੋਹਰ ਲਾਉਂਦੀ ਹੈ ਕਿ ਦਿੱਲੀ-ਐਨ. ਸੀ. ਆਰ. ਵਿੱਚ ਪ੍ਰਦੂਸ਼ਣ ਦੇ ਵਧਦੇ ਪੱਧਰ ਲਈ ਪਰਾਲੀ ਜ਼ਿੰਮੇਵਾਰ ਨਹੀਂ ਹੈ, ਸਗੋਂ ਸਥਾਨਕ ਪੱਧਰ 'ਤੇ ਹੋਣ ਵਾਲਾ ਪ੍ਰਦੂਸ਼ਣ ਹੈ।

### ਇੱਟ ਭੱਠਿਆਂ ਵਿੱਚੋਂ ਨਿਕਲਦੇ ਹਨ ਇਹ ਜ਼ਹਿਰੀਲੇ ਰਸਾਇਣ

ਪਰਾਲੀ ਸਾੜਨ ਦੇ ਨਾਲ-ਨਾਲ ਇੱਟ ਭੱਠਿਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਤੋਂ ਵੀ ਕਾਫੀ ਖਤਰਨਾਕ ਰਸਾਇਣ ਹਵਾ ਵਿੱਚ ਘੁਲ ਕੇ ਤੁਹਾਡੇ ਫੇਫੜਿਆਂ ਤੱਕ ਪੁੱਜਦੇ ਹਨ। ਭੱਠਿਆਂ ਤੋਂ ਨਿਕਲਣ ਵਾਲੇ ਧੂੰਏਂ ਵਿੱਚ ਪਾਰਟਿਕੁਲੇਟ ਮੈਟਰ, ਸਲਫਰ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਨਾਈਟਰੋਜਨ ਆਕਸਾਈਡ ਵਰਗੀਆਂ ਗੈਸਾਂ ਨਾ ਸਿਰਫ ਹਵਾ, ਸਗੋਂ ਸਤਹੀ ਪਾਣੀ ਗੁਣਵੱਤਾ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਕਈ ਅਧਿਐਨਾਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇੱਟ ਭੱਠਿਆਂ ਦੇ ਆਸ-ਪਾਸ ਸਤਹੀ ਪਾਣੀ ਦਾ ਪੀ. ਐਚ. ਪੱਧਰ 4.6 ਤੋਂ 5.7 ਤੱਕ ਪਾਇਆ ਗਿਆ ਹੈ, ਜੋ ਧਾਤਵਿਕ ਪ੍ਰਦੂਸ਼ਣ ਖਾਸ ਕਰਕੇ ਆਰਸੈਨਿਕ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਇਲਾਕਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਵਿੱਚ ਫੇਫੜਿਆਂ ਦੀ ਸਮਰੱਥਾ ਘੱਟ ਹੋਣਾ ਅਤੇ ਲਗਾਤਾਰ ਸਾਹ ਸੰਬੰਧੀ ਸਮੱਸਿਆਵਾਂ ਆਮ ਹਨ, ਜੋ ਇਸ ਉਦਯੋਗ ਦੇ ਸਿਹਤ ਪ੍ਰਭਾਵਾਂ ਨੂੰ ਲੈ ਕੇ ਗੰਭੀਰ ਸਵਾਲ ਉਠਾਉਂਦੇ ਹਨ।

# ਤੇਜ਼ੀ ਨਾਲ ਬੁੱਢੀ ਹੋ ਰਹੀ ਹੈ ਦੇਸ਼ ਦੀ ਆਬਾਦੀ

**★ 2011 ਵਿੱਚ 10.16 ਕਰੋੜ ਲੋਕ ਸਨ 60 ਸਾਲ ਤੋਂ ਵੱਧ, 2036 ਵਿੱਚ ਹੋਣਗੇ 22.74 ਕਰੋੜ ★ ਬਜ਼ੁਰਗਾਂ ਦੇ ਵਧਣ ਨਾਲ ਸਿਹਤ, ਸਮਾਜਿਕ, ਆਰਥਿਕ ਖੇਤਰ ਵਿੱਚ ਵਧੇਗੀ ਚੁਣੌਤੀ**



ਦੇਸ਼ ਦੀ ਆਬਾਦੀ ਤੇਜ਼ੀ ਨਾਲ ਬੁੱਢੀ ਹੋ ਗਈ ਹੈ। 2036 ਤੱਕ ਬਜ਼ੁਰਗਾਂ ਦੀ ਗਿਣਤੀ 22.74 ਕਰੋੜ ਹੋਣ ਦਾ ਅਨੁਮਾਨ ਹੈ। ਸਿਹਤ ਸੇਵਾ, ਸਮਾਜਿਕ ਸੁਰੱਖਿਆ, ਆਰਥਿਕ ਨਿਰਭਰਤਾ ਅਤੇ ਡਿਜੀਟਲ ਸਹੂਲਤਾਂ ਵਰਗੀਆਂ ਚੁਣੌਤੀਆਂ ਵੀ ਵਧਦੀਆਂ ਜਾ ਰਹੀਆਂ ਹਨ।

ਕਾਂਗਰਸ ਦੇ ਸੰਸਦ ਮੈਂਬਰ ਸੀ. ਕੇ. ਕੁਮਾਰ ਰੈਡੀ ਦੇ ਸਵਾਲ 'ਤੇ ਲੋਕ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਸ਼ਟਰੀ ਆਬਾਦੀ ਕਮਿਸ਼ਨ ਵੱਲੋਂ ਗਠਿਤ ਆਬਾਦੀ ਅਨੁਮਾਨਾਂ 'ਤੇ ਤਕਨੀਕੀ ਸਮੂਹ ਦੇ ਨਤੀਜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 60 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ 2011 ਵਿੱਚ 10.16 ਕਰੋੜ ਤੋਂ ਵੱਧ ਕੇ 2036 ਵਿੱਚ 22.74 ਕਰੋੜ ਹੋਣ ਦੀ ਉਮੀਦ ਹੈ। ਇਸੇ ਮਿਆਦ ਦੌਰਾਨ ਕੁੱਲ ਆਬਾਦੀ ਵਿੱਚ ਉਨ੍ਹਾਂ ਦੀ ਭਾਈਵਾਲੀ 84 ਫੀਸਦ ਤੋਂ ਵੱਧ ਕੇ 14.9 ਫੀਸਦੀ ਹੋਣ ਦਾ ਅਨੁਮਾਨ ਹੈ, ਯਾਨੀ ਹਰ 7 ਵਿੱਚੋਂ ਇੱਕ ਭਾਰਤੀ ਸੀਨੀਅਰ ਨਾਗਰਿਕ ਹੋਵੇਗਾ। ਉੱਥੇ ਹੀ 2036 ਤੱਕ ਅਨੁਮਾਨਤ ਆਬਾਦੀ 153 ਕਰੋੜ ਹੋਵੇਗੀ।

### 2050 ਤੱਕ ਹਰ ਪੰਜਵਾਂ ਭਾਰਤੀ ਬਜ਼ੁਰਗ : ਨੀਤੀ ਆਯੋਗ

ਸਾਲ 2023 ਵਿੱਚ ਨੀਤੀ ਆਯੋਗ ਨੇ ਦੱਸਿਆ ਕਿ ਦੁਨੀਆਂ ਭਰ ਵਿੱਚ ਸੀਨੀਅਰ ਨਾਗਰਿਕਾਂ ਦੀ ਆਬਾਦੀ ਤੇਜ਼ੀ ਨਾਲ ਵੱਧ ਰਹੀ ਹੈ। ਭਾਰਤ ਵਿੱਚ ਜਨਮ ਦਰ ਡਿੱਗਣ ਤੇ ਸਿਹਤ ਪ੍ਰਤੀ ਜਾਗਰੂਕਤਾ ਕਾਰਨ ਬਜ਼ੁਰਗਾਂ ਦੀ ਗਿਣਤੀ ਵੱਧ ਰਹੀ ਹੈ। ਕਮਿਸ਼ਨ ਨੇ ਅਨੁਮਾਨ ਪ੍ਰਗਟਾਇਆ ਸੀ ਕਿ 2050 ਤੱਕ ਕੁੱਲ ਆਬਾਦੀ ਦੇ 19.5 ਫੀਸਦੀ ਬਜ਼ੁਰਗ ਹੋਣਗੇ, ਜਿਹੜੇ ਫਿਲਹਾਲ 10 ਫੀਸਦ ਹਨ। ਅਨੁਮਾਨ ਹੈ ਕਿ 2050 ਤੱਕ ਹਰ ਪੰਜਵਾਂ ਭਾਰਤੀ ਬਜ਼ੁਰਗ ਹੋਵੇਗਾ।

### ਸੀਨੀਅਰ ਨਾਗਰਿਕਾਂ ਲਈ ਬਣਾਈ 'ਅਵਯਯ' ਯੋਜਨਾ

ਗ੍ਰਹਿ ਰਾਜ ਮੰਤਰੀ ਨੇ ਦੱਸਿਆ ਕਿ ਬਜ਼ੁਰਗਾਂ ਦੀ ਆਬਾਦੀ ਵਿੱਚ ਤੇਜ਼ ਵਾਧਾ ਸਿਹਤ, ਸਮਾਜਿਕ, ਆਰਥਿਕ ਅਤੇ ਡਿਜੀਟਲ ਖੇਤਰਾਂ ਵਿੱਚ ਚੁਣੌਤੀਆਂ ਖੜ੍ਹੀ ਕਰੇਗੀ। ਇਨ੍ਹਾਂ ਉੱਭਰਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਨੇ ਇੱਕ ਅਪ੍ਰੈਲ, 2021 ਤੋਂ ਅਟਲ ਵਯੋ ਅਭੁਦਯ ਯੋਜਨਾ (ਅਵਯਯ) ਲਾਗੂ ਕੀਤੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸੀਨੀਅਰ ਨਾਗਰਿਕਾਂ ਨੂੰ ਬੁਨਿਆਦੀ ਸਹੂਲਤਾਂ ਜਿਵੇਂ ਆਸਰਾ, ਭੋਜਨ, ਮੈਡੀਕਲ ਦੇਖਭਾਲ ਅਤੇ ਮਨੋਰੰਜਨ ਦੇ ਮੌਕੇ ਮੁਹੱਈਆ ਕਰਵਾਉਣਾ ਹੈ ਅਤੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ। ਨਾਲ ਹੀ ਉਨ੍ਹਾਂ ਦੀ ਉਤਪਾਦਕ ਤੇ ਸਰਗਰਮ ਬਿਰਧ ਅਵਸਥਾ ਨੂੰ ਉਤਸ਼ਾਹਿਤ ਕਰਨਾ ਹੈ। ਇਸ ਯੋਜਨਾ ਤਹਿਤ ਪੂਰੇ ਦੇਸ਼ ਵਿੱਚ ਸੀਨੀਅਰ ਨਾਗਰਿਕਾਂ ਲਈ ਸਹਾਇਤਾ ਅਤੇ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਰਕਾਰ ਨੇ ਰਾਸ਼ਟਰੀ ਸੀਨੀਅਰ ਨਾਗਰਿਕ ਪ੍ਰੀਸ਼ਦ ਵੀ ਬਣਾਈ ਹੈ, ਜਿਸ ਦੀ ਪ੍ਰਧਾਨਗੀ ਸਮਾਜਿਕ ਨਿਆਂ ਅਧਿਕਾਰਤਾ ਮੰਤਰੀ ਕਰਦੇ ਹਨ। ਇਸ ਪ੍ਰੀਸ਼ਦ ਵਿੱਚ ਵੱਖ-ਵੱਖ ਖੇਤਰਾਂ ਦੇ ਮਾਹਰ ਅਤੇ ਨੁਮਾਇੰਦੇ ਸ਼ਾਮਲ ਹਨ, ਜਿਹੜੇ ਬਜ਼ੁਰਗਾਂ ਨਾਲ ਜੁੜੇ ਮੁੱਦਿਆਂ 'ਤੇ ਸਲਾਹ ਦਿੰਦੇ ਹਨ।

# ਮਾਲਵਾ ਦੇ 53 ਫੀਸਦ ਕਿਸਾਨਾਂ ਕੋਲ ਖੇਤੀ ਲਈ ਆਧੁਨਿਕ ਸਾਧਨ ਨਹੀਂ

**★ ਮਾਲਵਾ ਖੇਤਰ ਦੇ ਪੰਜ ਪਿੰਡਾਂ ਨੂੰ ਆਧਾਰ ਬਣਾ ਕੇ ਕੀਤੀ ਖੋਜ**
**★ 24 ਫੀਸਦ ਕਿਸਾਨਾਂ ਕੋਲ ਸਿਰਫ ਟਰੈਕਟਰ ਹੀ ਮੌਜੂਦ**

ਪੰਜਾਬੀ ਯੂਨੀਵਰਸਿਟੀ ਦੀ ਤਾਜ਼ਾ ਖੋਜ ਰਾਹੀਂ ਪੰਜਾਬ ਦੇ ਮਾਲਵਾ ਖੇਤਰ ਵਿਚਲੇ ਪਿੰਡਾਂ ਬਾਰੇ ਅਹਿਮ ਤੱਥ ਉੱਭਰ ਕੇ ਸਾਹਮਣੇ ਆਏ ਹਨ । ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਨਿਗਰਾਨ ਪ੍ਰੋ. ਸੁਰਜੀਤ ਸਿੰਘ ਦੀ ਅਗਵਾਈ ਖੋਜਾਰਥੀ ਡਾ. ਰਵਿੰਦਰ ਕੌਰ ਵੱਲੋਂ 'ਮਾਲਵਾ ਖੇਤਰ ਦਾ ਪ੍ਰਤੀਮਾਨਕ ਸੱਭਿਆਚਾਰ : ਪ੍ਰਬੰਧ ਤੇ ਰੂਪਾਂਤਰਣ' ਵਿਸ਼ੇ ਉੱਤੇ ਕੀਤੀ ਇਸ ਖੋਜ ਵਿੱਚ ਮਾਲਵਾ ਖੇਤਰ ਦੇ ਪੰਜ ਪਿੰਡਾਂ ਦੇ ਸਰਵੇ ਨੂੰ ਆਧਾਰ ਬਣਾਇਆ ਗਿਆ । ਇਨ੍ਹਾਂ ਵਿੱਚ ਬਰਨਾਲਾ ਜ਼ਿਲ੍ਹੇ ਦਾ ਪਿੰਡ ਗਲਵੱਟੀ, ਮਾਨਸਾ ਜ਼ਿਲ੍ਹੇ ਦਾ ਪਿੰਡ ਫਫੜੇ ਭਾਈ ਕੇ, ਲੁਧਿਆਣਾ ਜ਼ਿਲ੍ਹੇ ਦਾ ਪਿੰਡ ਚੱਕਰ, ਮੁਕਤਸਰ ਜ਼ਿਲ੍ਹੇ ਦਾ ਪਿੰਡ ਕੁਰਾਈਵਾਲਾ ਸ਼ਾਮਿਲ ਹਨ ।

ਪ੍ਰੋ. ਸੁਰਜੀਤ ਸਿੰਘ ਨੇ ਦੱਸਿਆ ਕਿ ਸਾਰੇ ਸਮਾਜਾਂ ਵਿੱਚ ਜੀਵਨ ਢੰਗ ਨੂੰ ਨਿਯਮਿਤ ਕਰਨ ਅਤੇ ਇਸ ਦੀ ਨਿਰੰਤਰਤਾ ਨੂੰ ਬਣਾਈ ਰੱਖਣ ਦੀ ਪ੍ਰਾਪਤੀ ਹਿੱਤ ਕਈ ਪ੍ਰਕਾਰ ਦੇ ਵਿਵਹਾਰਕ ਪੈਮਾਨੇ ਉਸਰੇ ਮਿਲਦੇ ਹਨ । ਇਨ੍ਹਾਂ ਵਿਵਹਾਰਕ ਪੈਮਾਨਿਆਂ ਨੂੰ ਹੀ 'ਪ੍ਰਤੀਮਾਨ' ਕਿਹਾ ਜਾਂਦਾ ਹੈ । ਇਸ ਖੋਜ-ਕਾਰਜ ਦੌਰਾਨ ਅਜਿਹੇ ਪੈਮਾਨਿਆਂ ਨੂੰ ਹੀ ਦੇਖਿਆ ਗਿਆ ਹੈ । ਉਨ੍ਹਾਂ ਦੱਸਿਆ ਕਿ ਇਸ ਖੋਜ ਕਾਰਜ ਦੌਰਾਨ ਪ੍ਰਾਪਤ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਅਹਿਮ ਨਤੀਜੇ ਸਾਹਮਣੇ ਆਏ ਹਨ । ਉਨ੍ਹਾਂ ਦੱਸਿਆ ਕਿ ਅਜਿਹੇ ਤੱਥ ਵੀ ਸਾਹਮਣੇ ਆਏ, ਜਿਨ੍ਹਾਂ ਤੋਂ ਨਤੀਜਾ ਨਿਕਲਦਾ ਹੈ ਕਿ ਮੀਡੀਆ ਵਿੱਚ ਪ੍ਰਸਾਰਿਆ ਜਾਂਦਾ ਸਾਧਨ-ਸੰਪੰਨ ਪੰਜਾਬੀ ਬੰਦਾ, ਆਮ ਪੰਜਾਬੀ ਬੰਦੇ ਤੋਂ ਕੋਹਾਂ ਦੂਰ ਹੈ । ਸਰਵੇ ਦੌਰਾਨ ਸਾਹਮਣੇ ਆਇਆ ਕਿ ਪਿੰਡਾਂ ਵਿੱਚ 24 ਫੀਸਦ ਕਿਸਾਨਾਂ ਕੋਲ ਖੇਤੀ ਕਰਨ ਦੇ ਆਧੁਨਿਕ ਸਾਧਨਾਂ ਵਿੱਚੋਂ ਕੇਵਲ ਟਰੈਕਟਰ ਹੀ ਮੌਜੂਦ ਹੈ । 18 ਫੀਸਦ ਲੋਕ ਅਜਿਹੇ ਹਨ, ਜਿਹਨਾਂ ਕੋਲ ਟਰੈਕਟਰ ਅਤੇ ਟਰਾਲੀ ਦੋਵੇਂ ਨੇ । ਟਰੈਕਟਰ-ਟਰਾਲੀ ਤੋਂ ਬਿਨਾਂ ਕੰਬਾਈਨ ਕੇਵਲ 5 ਫੀਸਦੀ ਲੋਕਾਂ ਕੋਲ ਹੀ ਮੌਜੂਦ ਹੈ । ਇਨ੍ਹਾਂ


ਡਾ. ਰਵਿੰਦਰ ਕੌਰ


ਪ੍ਰੋ. ਸੁਰਜੀਤ ਸਿੰਘ

ਪਿੰਡਾਂ ਵਿੱਚ 53 ਫੀਸਦੀ ਕਿਸਾਨ ਅਜੇ ਵੀ ਅਜਿਹੇ ਹਨ, ਜਿਨ੍ਹਾਂ ਕੋਲ ਖੇਤੀ ਕਰਨ ਦਾ ਕੋਈ ਵੀ ਆਧੁਨਿਕ ਸਾਧਨ ਮੌਜੂਦ ਨਹੀਂ । ਖੇਤੀ ਆਧਾਰਿਤ ਕੰਮਾਂ ਲਈ ਉਹਨਾਂ ਦੀ ਨਿਰਭਰਤਾ ਅਜੇ ਮੰਗਵੇਂ ਜਾਂ ਦਿਹਾੜੀ ਦੇ ਹਿਸਾਬ ਨਾਲ ਸੰਦ ਕਿਰਾਏ 'ਤੇ ਪ੍ਰਾਪਤ ਕੀਤੇ ਸੰਦਾਂ 'ਤੇ ਹੈ । ਇਹ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦੇ ਜ਼ਿਆਦਾਤਰ ਕਿਸਾਨ ਨੀਵੀਂ ਅਤੇ ਮੱਧਮ ਕਿਸਾਨੀ ਨਾਲ ਸੰਬੰਧਿਤ ਹਨ । ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿੱਚ 46.30 ਫੀਸਦ ਲੋਕ ਅਜਿਹੇ ਹਨ, ਜਿਹਨਾਂ ਕੋਲ ਮਸਾਂ ਇੱਕ ਮੋਟਰਸਾਈਕਲ ਹੈ ਅਤੇ 22.20% ਲੋਕਾਂ ਕੋਲ ਇੱਕ ਤੋਂ ਵੱਧ ਮੋਟਰ-ਸਾਈਕਲ ਜਾਂ ਸਕੂਟਰ ਹੈ । ਜਿੱਥੋਂ ਤੱਕ ਕਾਰਾਂ ਦਾ ਸੰਬੰਧ ਹੈ ਤਾਂ 24.30% ਲੋਕਾਂ ਕੋਲ ਕੇਵਲ ਇੱਕ ਕਾਰ ਅਤੇ 7.20% ਲੋਕਾਂਕੋਲ ਇੱਕ ਤੋਂ ਵੱਧ ਕਾਰਾਂ ਹਨ । ਇਹਨਾਂ ਵਿੱਚੋਂ ਇੱਕ ਤੋਂ ਵੱਧ ਕਾਰਾਂ ਦੇ ਮਾਲਕਾਂ ਵਿੱਚ ਜ਼ਿਆਦਾਤਰ ਲੋਕ ਅਜਿਹੇ ਹਨ, ਜਿਹਨਾਂ ਨੇ ਕਿ ਆਪਣੀ ਕਾਰ ਟੈਕਸੀ ਦੇ ਰੂਪ ਵਿੱਚ ਚਲਾਉਣੀ ਆਰੰਭ ਕੀਤੀ ਹੋਈ ਹੈ । ਕਾਰਾਂ ਨੂੰ ਖਰੀਦਣ ਦਾ ਇਹ ਅਨੁਪਾਤ ਦਰਸਾਉਂਦਾ ਹੈ ਕਿ ਪਿੰਡਾਂ ਵਿੱਚ ਵੱਡੇ 68.50 ਫੀਸਦ ਲੋਕ ਅਜੇ ਵੀ ਕਾਰ ਖਰੀਦਣ ਦੇ ਸਮਰੱਥ ਨਹੀਂ ਹੋਏ ।

ਉਨ੍ਹਾਂ ਦੱਸਿਆ ਕਿ ਖੋਜ ਦੌਰਾਨ ਇੱਕ ਤੱਥ ਇਹ ਵੀ ਸਾਹਮਣੇ ਆਇਆ ਕਿ ਜੇਕਰ ਪਰਵਾਸੀ ਮਜ਼ਦੂਰਾਂ ਦੀ ਆਮਦ ਅਤੇ ਪੰਜਾਬੀਆਂ ਦਾ ਪਰਵਾਸ ਜਾਰੀ ਰਿਹਾ ਤਾਂ ਆਉਣ ਵਾਲੇ ਕੁਝ ਦਹਾਕਿਆਂ ਵਿੱਚ ਪੰਜਾਬ ਇੱਕ ਸਿੱਖ ਬਹੁਮਤ ਰਾਜ ਦੀ ਸ਼੍ਰੇਣੀ ਵਿੱਚੋਂ ਬਾਹਰ ਹੋ ਜਾਵੇਗਾ । ਖੋਜਾਰਥੀ ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਵੱਖ-ਵੱਖ ਜਾਤਾਂ ਦੇ ਲੋਕਾਂ ਵੱਲੋਂ ਆਪਣਾ ਰਵਾਇਤੀ ਧੰਦਾ ਬਦਲਣ ਕਾਰਨ ਪਿੰਡਾਂ ਵਿੱਚ ਵਿਅਕਤੀਗਤ, ਜਾਤੀਗਤ, ਭਾਈਚਾਰਕ ਸੰਬੰਧਾਂ ਵਿੱਚ ਵੀ ਤਬਦੀਲੀਆਂ ਆਈਆਂ ਹਨ, ਜਿਹੜੀਆਂ ਕਿ ਪੰਜਾਬ ਦੇ ਪ੍ਰਤੀਮਾਨਕ ਪ੍ਰਬੰਧ ਨੂੰ ਪ੍ਰਭਾਵਿਤ ਕਰਦੀਆਂ ਹਨ ।

ਉਨ੍ਹਾਂ ਦੱਸਿਆ ਕਿ ਮਾਲਵਾ ਖੇਤਰ ਦੇ ਇਨ੍ਹਾਂ ਪਿੰਡਾਂ ਵਿੱਚ ਰੋਜ਼ਗਾਰ ਪ੍ਰਾਪਤੀ ਸੰਬੰਧੀ ਅੰਕੜਿਆਂ ਮੁਤਾਬਕ ਜੱਟ ਸ਼੍ਰੇਣੀ ਨਾਲ ਸੰਬੰਧਿਤ 37.20 ਫੀਸਦ, ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ 22.30 ਫੀਸਦ ਅਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ 31.2% ਲੋਕ ਸਰਕਾਰੀ ਨੌਕਰੀ ਕਰਦੇ ਹਨ । ਇਸੇ ਤਰ੍ਹਾਂ ਜੱਟ ਸ਼੍ਰੇਣੀ ਨਾਲ ਸੰਬੰਧਿਤ 33.6 ਫੀਸਦ, ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ 27.3 ਫੀਸਦ ਅਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ 54.2 ਫੀਸਦ ਲੋਕ ਪ੍ਰਾਈਵੇਟ ਨੌਕਰੀਆਂ ਕਰਦੇ ਹਨ । ਇਹ ਅੰਕੜੇ ਦਰਸਾਉਂਦੇ ਹਨ ਕਿ ਹੁਣ ਪਿੰਡ ਵਿੱਚੋਂ ਹਰ ਬਰਾਦਰੀ ਦਾ ਵੱਡਾ ਹਿੱਸਾ ਪਿਤਾ-ਪੁਰਖੀ ਕਿੱਤਿਆਂ ਤੋਂ ਦੂਰੀ ਬਣਾ ਕੇ ਮਨਪਸੰਦ ਦੇ ਕੰਮ ਕਰ ਰਿਹਾ ਹੈ । ਪੰਜਾਬ ਵਿੱਚ ਪਦਾਰਥਕ ਵਸਤੂਆਂ ਦੀ ਉਪਲੱਬਧਤਾ ਸੰਬੰਧੀ ਅੰਕੜੇ ਦਰਸਾਉਂਦੇ ਹਨ ਕਿ 6.10 ਲੋਕ ਅਜਿਹੇ ਹਨ, ਜਿਹਨਾਂ ਦੇ ਘਰ ਵਿੱਚ ਟੀ. ਵੀ. ਹੀ ਹੈ । ਇਸ ਦੇ ਨਾਲ ਹੀ 23.30 ਫੀਸਦ ਲੋਕ ਅਜਿਹੇ ਹਨ, ਜਿਹਨਾਂ ਦੇ ਘਰ ਵਿੱਚ ਟੀ. ਵੀ. ਅਤੇ ਫਰਿੱਜ ਦੋਵੇਂ ਹਨ, ਜਦੋਂਕਿ 53.20 ਫੀਸਦੀ ਲੋਕਾਂ ਦੇ ਘਰਾਂ ਵਿੱਚ ਟੀ. ਵੀ., ਫਰਿੱਜ, ਇਨਵਰਟਰ, ਵਾਸ਼ਿੰਗ ਮਸ਼ੀਨ ਆਦਿ ਸਭ ਵਸਤਾਂ ਹਨ । ਕੇਵਲ 19.40 ਫੀਸਦ ਲੋਕ ਅਜਿਹੇ ਹਨ, ਜਿਹਨਾਂ ਦੇ ਘਰ ਵਿੱਚ ਇਹਨਾਂ ਵਸਤਾਂ ਤੋਂ ਬਿਨਾਂ ਹੋਰ ਵਸਤਾਂ ਜਿਵੇਂ ਵਾਟਰ ਪਿਓਰੀਫਾਇਰ, ਏਅਰ ਫਰਾਇਰ, ਏ. ਸੀ. ਅਤੇ ਮਾਈਕ੍ਰੋਵੇਵ ਆਦਿ ਉਪਕਰਣ ਮੌਜੂਦ ਹਨ ।

ਵਿਆਹਾਂ ਸੰਬੰਧੀ ਆਮ ਧਾਰਨਾ ਹੈ ਕਿ ਪੰਜਾਬ ਦੇ ਜ਼ਿਆਦਾਤਰ ਲੋਕ ਪੈਲੇਸਾਂ ਵਿੱਚ ਵਿਆਹ ਕਰਦੇ ਹਨ, ਜਦੋਂਕਿ ਅੰਕੜਿਆਂ ਵਿੱਚ ਸਾਹਮਣੇ ਆਇਆ ਕਿ ਕੇਵਲ 38.40 ਫੀਸਦ ਲੋਕ ਹੀ ਅਜਿਹੇ ਹਨ, ਜਿਹੜੇ ਵਿਆਹ ਕਰਨ ਵੇਲੇ ਪੈਲਸਾਂ ਨੂੰ ਤਰਜ਼ੀਹ ਦਿੰਦੇ ਹਨ, ਜਦੋਂਕਿ ਵਿਆਹ ਕਰਨ ਸਮੇਂ 61.60 ਫੀਸਦ ਲੋਕਾਂ ਦੀ ਚੋਣ ਅਜੇ ਵੀ ਘਰ ਜਾਂ ਧਰਮਸ਼ਾਲਾ ਹੈ । ਅੰਕੜਿਆਂ ਮੁਤਾਬਕ ਜਨਰਲ ਸ਼੍ਰੇਣੀ ਨਾਲ ਸੰਬੰਧਿਤ ਕੇਵਲ 16.30 ਫੀਸਦੀ ਲੋਕਾਂ ਦੇ ਬੱਚੇ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਜਦੋਂਕਿ 83.70% ਬੱਚਿਆਂ ਦੇ ਮਾਪਿਆਂ ਨੇ ਬੱਚਿਆਂ ਦੀ ਸਿੱਖਿਆ ਪ੍ਰਾਪਤੀ ਲਈ ਨਿੱਜੀ ਖੇਤਰ ਦੇ ਸਕੂਲਾਂ ਦੀ ਚੋਣ ਕੀਤੀ ਹੈ । ਜਿੱਥੋਂ ਤੱਕ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਬੱਚਿਆਂ ਦਾ ਸਵਾਲ ਹੈ ਤਾਂ ਇਨ੍ਹਾਂ ਦਾ ਸਰਕਾਰੀ ਸਕੂਲ ਵਿੱਚ ਪੜ੍ਹਨ ਦਾ ਅਨੁਪਾਤ 46.10 ਫੀਸਦ, ਜਦੋਂਕਿ ਪ੍ਰਾਈਵੇਟ ਸਕੂਲਾਂ ਸਬੰਧੀ ਇਹੀ ਅਨੁਪਾਤ 53.90 ਫੀਸਦ ਹੈ । ਜੇਕਰ ਅਨੁਸੂਚਿਤ ਜਾਤੀਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਜਾਤਾਂ ਨਾਲ ਸੰਬੰਧਿਤ ਬੱਚਿਆਂ ਵਿੱਚੋਂ 74.30 ਫੀਸਦ ਬੱਚੇ ਸਰਕਾਰੀ ਸਕੂਲਾਂ ਵਿੱਚ ਅਤੇ ਕੇਵਲ 25.70% ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ । ਇਹ ਅੰਕੜੇ ਦਰਸਾਉਂਦੇ ਹਨ ਕਿ ਮਾਲਵੇ ਦੇ ਲੋਕ (ਖਾਸਕਰ ਜਨਰਲ ਵਰਗ) ਸਰਕਾਰੀ ਸਕੂਲਾਂ ਦੀ ਬਜਾਇ ਪ੍ਰਾਈਵੇਟ ਸਕੂਲਾਂ ਦੀ ਚੋਣ ਕਰ ਰਹੇ ਹਨ ।

ਅੰਕੜਿਆਂ ਅਨੁਸਾਰ ਸਰਵੇ ਦੌਰਾਨ ਰਿਸ਼ਵਤ ਦੇਣ ਸੰਬੰਧੀ ਅੰਕੜੇ 67.3 ਫੀਸਦ ਰਹੇ । ਰਿਸ਼ਵਤ ਦੇਣ ਸੰਬੰਧੀ ਲੋਕਾਂ ਨੇ ਮੰਨਿਆ ਕਿ ਉਹਨਾਂ ਨੇ ਜ਼ਮੀਨ ਸੰਬੰਧੀ ਕਾਗਜ਼ ਕਢਵਾਉਣ, ਜ਼ਮੀਨ ਨੂੰ ਆਪਣੇ ਨਾਂ ਉੱਤੇ ਚੜ੍ਹਵਾਉਣ, ਫਰਦ ਕਢਵਾਉਣ, ਪਾਸਪੋਰਟ ਬਣਵਾਉਣ ਲਈ ਜਨਮ ਸਰਟੀਫਿਕੇਟ ਕਢਵਾਉਣ, ਜਨਮ ਸਰਟੀਫਿਕੇਟ ਵਿੱਚ ਕਿਸੇ ਗਲਤੀ ਨੂੰ ਠੀਕ ਕਰਵਾਉਣ, ਜਨਮ ਤੇ ਮੌਤ ਦਾ ਰਿਕਾਰਡ ਕਢਵਾਉਣ ਸਮੇਂ ਰਿਸ਼ਵਤ ਦਿੱਤੀ ਹੈ ।


## ਖੇਤੀ ਦੁਨੀਆਂ

### ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ ਲਈ 400/- ਰੁਪਏ

ਦੋ ਸਾਲ ਲਈ 700/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

## ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in
E-mail : khetiduniyan1983@gmail.com


## ਗੁਜਰਾਤ ਵਿੱਚ ਕੱਛ ਭੂਮੀ ਹੋਈ ਗੁਲਾਬੀ, ਲੱਖਾਂ ਪੰਛੀ ਡਾਰਾਂ ਬੰਨ੍ਹ ਕੇ ਆਏ



ਸਰਦੀਆਂ ਸ਼ੁਰੂ ਹੋਣ ਸਾਰ ਲੱਖਾਂ ਫਲੇਮਿੰਗੋ ਕੱਛ ਦੇ ਰਣ ਵਿੱਚ ਪਹੁੰਚੇ ਹਨ, ਜਿਸ ਨੇ ਕੁਦਰਤ ਪ੍ਰੇਮੀਆਂ ਲਈ ਇੱਕ ਸ਼ਾਨਦਾਰ ਨਜ਼ਾਰਾ ਸਿਰਜਿਆ ਹੈ । ਸਥਾਨਕ ਤੌਰ ਉੱਤੇ 'ਲਖੇਨਾ ਜਾਨੀ' ਵਜੋਂ ਜਾਣੇ ਜਾਂਦੇ ਇੱਕ ਲੱਖ ਤੋਂ ਵੱਧ ਫਲੇਮਿੰਗੋ ਇਸ ਸਮੇਂ ਰਾਪਰ ਤਾਲੁਕਾ ਦੇ ਕੁਡਾ ਦੇ ਨੇੜੇ ਕੱਛ ਦੀ ਰਣ ਵਿੱਚ ਵਿਖਾਈ ਦੇ ਰਹੇ ਹਨ । ਉਨ੍ਹਾਂ ਦਾ ਝੁੰਡ ਖਾਦਿਰ ਦੇ ਅਮਰਪਾਰ ਤੋਂ ਲੋਦਰਾਨੀ ਜਾਗੀਰ ਤੱਕ 'ਸਵਰਗ ਦੀ ਦੂਜੀ ਸੜਕ' ਦੇ ਨਾਲ ਫੈਲਿਆ ਹੋਇਆ ਹੈ । ਮਾਹਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਉਨ੍ਹਾਂ ਦੀ ਗਿਣਤੀ ਤਿੰਨ ਲੱਖ ਤੋਂ ਪਾਰ ਕਰ ਸਕਦੀ ਹੈ । ਖੇਤਰ ਵਿੱਚੋਂ ਲੰਘਣ ਵਾਲੇ ਸੈਲਾਨੀ ਇਸ ਅਸਾਧਾਰਣ ਨਜ਼ਾਰੇ ਦਾ ਅਨੰਦ ਲੈਣ ਲਈ ਰੁਕ ਰਹੇ ਹਨ । ਇਹ ਝੁੰਡ ਜੋ ਗਰਮੀਆਂ ਦੌਰਾਨ ਭਾਰਤ ਅਤੇ ਵਿਦੇਸ਼ਾਂ ਦੇ ਵੱਖ-ਵੱਖ ਖੇਤਰਾਂ ਵਿੱਚ ਪਰਵਾਸ ਕਰਦਾ ਹੈ, ਇਸ ਸਮੇਂ ਅਮਰਪਾਰ ਅਤੇ ਲੋਦਰਾਨੀ ਜਾਗੀਰ ਦੇ ਵਿਚਕਾਰ ਰੇਗਿਸਤਾਨ ਦੇ ਹਿੱਸੇ ਨੂੰ ਸ਼ਿੰਗਾਰ ਰਿਹਾ ਹੈ । ਇਸ ਖੇਤਰ ਵਿੱਚ ਹੁਣ ਤੱਕ ਲਗਭਗ 1.5 ਲੱਖ ਸੁਰਖਾਬ ਅਤੇ ਕੂੰਜ ਪੰਛੀ ਦਰਜ ਕੀਤੇ ਗਏ ਹਨ । ਸਥਾਨਕ ਸੈਲਾਨੀ ਸੱਤਾਜੀ ਮਾਮਾ ਨੇ ਕਿਹਾ ਕਿ ਲੋਕ ਅਕਸਰ ਨਜ਼ਾਰਿਆਂ ਤੋਂ ਵੇਖ ਕੇ ਹੈਰਾਨ ਹੋਣ ਲਈ ਘੰਟਿਆਂਬੱਧੀ ਰੁਕਦੇ ਹਨ । ਪੂਰਬੀ ਕੱਛ ਜੰਗਲਾਤ ਵਿਭਾਗ ਦੇ ਮੁੱਖ ਅਧਿਕਾਰੀ ਆਯੁਸ਼ ਵਰਮਾ ਨੇ ਕਿਹਾ ਹੈ ਕਿ ਕੱਛ ਦੇ ਛੋਟੇ ਅਤੇ ਵੱਡੇ ਰੇਗਿਸਤਾਨ ਵੱਡੇ ਅਤੇ ਛੋਟੇ ਫਲੇਮਿੰਗੋ ਦੋਵਾਂ ਲਈ ਵਿਸ਼ੇਸ਼ ਨਿਵਾਸ ਪ੍ਰਦਾਨ ਕਰਦੇ ਹਨ । ਜੰਗਲਾਤ ਵਿਭਾਗ ਦੀਆਂ ਵਿਸ਼ੇਸ਼ ਪਹਿਲਕਦਮੀਆਂ ਸਦਕਾ ਇਨ੍ਹਾਂ ਦੀ ਗਿਣਤੀ ਹਰ ਸਾਲ ਵੱਧ ਰਹੀ ਹੈ । ਇਹ ਖੇਤਰ ਮੱਧ ਏਸ਼ੀਆਈ ਫਲਾਈਵੇਅ ਦਾ ਹਿੱਸਾ ਹੈ, ਜੋ ਕਿ ਇੱਕ ਮਹੱਤਵਪੂਰਨ ਪ੍ਰਵਾਸੀ ਮਾਰਗ ਅਤੇ ਪੰਛੀਆਂ ਲਈ ਰੁਕਣ ਵਾਲਾ ਸਥਾਨ ਹੈ ।